SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

53

July - Sep. 2024

# ਸੈਣੀ ਸੰਸਾਰ
# Saini Sansar




## ਅੰਦਰ ਪੜ੍ਹੋ

- ਸੈਣੀ ਭਾਈਚਾਰੇ ਦਾ ਸਮਾਜ ਨੂੰ ਯੋਗਦਾਨ
- ਸੈਣੀ ਭਵਨ ਦੀਆਂ ਸਰਗਰਮੀਆਂ
- ਬ੍ਰਹਿਮੰਡ ਦੀ ਦੁਰਲੱਭ ਸ਼ੈਅ
- ਮੇਰਾ ਪੰਜਾਬ
- ਦਿੱਲ ਦਾ ਦੌਰਾ – ਅਗਾਊਂ ਚੇਤਾਵਨੀ
- ਔਰਤਾਂ ਦੀ ਮੁਕਤੀਦਾਤਾ
- ਸਾਹਿਤਕ ਰਚਨਾਵਾਂ
- ਇਨਸਾਨੀਅਤ ਦੇ ਮੁੱਦਈ ਸ਼ਾਇਰ ਦਾ ਵਿਛੋੜਾ
- ਵਧਾਈਆਂ ਅਤੇ ਸ਼ਰਧਾਂਜਲੀਆਂ
- ਮੈਟਰੀਮੋਨੀਅਲਜ਼

PUBLISHERS
KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

**Volume - XIV, Issue - III** **July - Sep. 2024**

# Saini Sansar

(Quarterly)


PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)


CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.


**FOUNDER**
**Late Sh. L.R. Mundra**
Asstt. Police Commissioner
(Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI


| **Subscription / Assistance Money** | **India** | **Abroad** |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।


Address for Correspondence and sending assistance money :

**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**


**Date of Publication : 07.07.2024**

// ਸੈਣੀ ਸੰਸਾਰ
(ਤਿਮਾਹੀ)

ਜਿਲਦ 14, ਅੰਕ 3 ਜੁਲਾਈ - ਸਤੰਬਰ 2024

**ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ**
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

**ਪ੍ਰਿੰਟਿੰਗ ਪ੍ਰੈਸ**
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

**ਪ੍ਰਕਾਸ਼ਨਾ ਸਥਾਨ**
ਸੈਣੀ ਭਵਨ
ਰੂਪਨਗਰ - 140001 (ਪੰਜਾਬ)

**ਮੁੱਖ ਸੰਪਾਦਕ (ਆਨਰੇਰੀ)**
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਕਰਤਾਰਪੁਰ (ਜਲੰਧਰ) ਵਿਖੇ 'ਜੰਗ-ਏ-ਆਜ਼ਾਦੀ ਮੈਮੋਰੀਅਲ'।

## ਤੱਤਕਰਾ

| ਕੀ | ਕਿੱਥੇ |
|---|---|
| ਸੰਪਾਦਕੀ- ਲੋਕ ਸਭਾ ਚੋਣਾਂ ਦੇ ਸਬਕ | 3-4 |
| ਸੈਣੀ ਭਵਨ ਦੀਆਂ ਸਰਗਰਮੀਆਂ | 5-6 |
| ਪ੍ਰਤਿਭਾਸ਼ਾਲੀ ਸੈਣੀ ਸ਼ਖ਼ਸ਼ੀਅਤਾਂ | 6 |
| ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਅਸਲ ਕਾਰਨ | 7 |
| ਕਹਾਣੀ - ਕਰਮਾਂ ਵਾਲੀ | 8-9 |
| ਸੈਣੀ ਭਾਈਚਾਰੇ ਦਾ ਸਮਾਜ ਨੂੰ ਯੋਗਦਾਨ | 10-12 |
| ਸਾਲਾਨਾ ਸੈਣੀ ਸੰਮੇਲਨ ਸਮੇਂ ਸਨਮਾਨਿਤ ਸ਼ਖ਼ਸ਼ੀਅਤਾਂ | 12 |
| ਕੁਦਰਤ ਦੀ ਲੁੱਟ 'ਤੇ ਖੜ੍ਹੀ ਸੱਭਿਅਤਾ | 13-14 |
| New five year members of Saini Sansar | 15 |
| ਪਿਆਰ ਦਾ ਪਾਤਰ - ਸੁਰਜੀਤ | 16-17 |
| ਬ੍ਰਹਿਮੰਡ ਦੀ ਦੁਰਲਭ ਸ਼ੈਅ | 18-19 |
| ਸਾਲਾਨਾ ਸੈਣੀ ਸੰਮੇਲਨ ਸਮੇਂ ਪਾਸ ਕੀਤੇ ਮਤੇ | 19 |
| ਕਹਾਣੀ - ਜਦੋਂ ਉਹ ਆਪ ਬਾਪ ਬਣਿਆਂ | 20-21 |
| ਗੀਤ- ਮੈਂ ਗਰੀਬ ਜਿਹੇ ਮਾਪਿਆਂ ਦੀ ਧੀ ਚੰਨ ਵੇ | 21 |
| Donors of Saini Bhawan | 22 |
| ਔਰਤਾਂ ਦੀ ਮੁਕਤੀਦਾਤਾ - ਸਵਿੱਤਰੀ ਬਾਈ ਫੂਲੇ | 23-24 |
| ਲੇਖ - ਮੇਰਾ ਪੰਜਾਬ | 25-26 |
| ਲੇਖ - ਮਾਂ | 27-28 |
| ਇਨਸਾਨੀਅਤ ਦੇ ਮੁਦਈ ਸ਼ਾਇਰ ਦਾ ਵਿਛੋੜਾ | 29 |
| ਕਵਿਤਾ - ਭ੍ਰਿਸ਼ਟਾਚਾਰ ਨੂੰ ਚੈਨ ਨਹੀਂ ਲੈਣ ਦੇਣਾ | 30 |
| Key to Success | 31 |
| Genesis of a School | 32 |
| ਦਿਲ ਦਾ ਦੌਰਾ - ਅਗਾਊਂ ਚੇਤਾਵਨੀ | 33-34 |
| Matrimonials | 35-40 |

## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

## ਸੰਪਾਦਕੀ



# ਲੋਕ ਸਭਾ ਚੋਣਾਂ ਦੇ ਸਬਕ

ਅਜਮੇਰ ਸਿੰਘ (ਡਾ.)
ਰੂਪਨਗਰ

ਭਾਰਤ ਵਿੱਚ 19 ਅਪ੍ਰੈਲ ਤੋਂ ਪਹਿਲੀ ਜੂਨ 2024 ਤੱਕ ਸੱਤ ਪੜਾਵਾਂ ਵਿੱਚ ਸੰਪੂਰਨ ਹੋਈਆਂ 18ਵੀਆਂ ਲੋਕ ਸਭਾ ਚੋਣਾਂ ਬਹੁਤ ਦਿਲਚਸਪ ਰਹੀਆਂ ਹਨ। ਇਨ੍ਹਾਂ ਦੇ ਨਤੀਜਿਆਂ ਨੇ ਦੇਸ਼ ਦੇ ਸ਼ਾਸਕਾਂ ਨੂੰ ਇੱਕ ਬੁਲੰਦ ਅਤੇ ਸਪਸ਼ਟ ਸੁਨੇਹਾ ਦਿੱਤਾ ਹੈ ਕਿ ਵੋਟਰਾਂ ਨੂੰ ਕਦੇ ਹਲਕੇ ਵਿੱਚ ਨਾ ਲੈਣਾ। ਇਹ ਫ਼ਤਵਾ ਲੋਕਰਾਜ, ਗ਼ੈਰਤ ਅਤੇ ਨਿਆਂ ਦੇ ਹੱਕ ਵਿੱਚ ਐਲਾਨ ਹੈ। ਇਹ ਚੋਣ ਨਤੀਜੇ ਤਾਕਤ ਦੇ ਕੇਂਦਰੀਕਰਨ ਪ੍ਰਤਿ ਬੇਭਰੋਸਗੀ ਦਾ ਝਲਕਾਰਾ ਹੈ ਅਤੇ ਇਹ ਸੰਵਿਧਾਨਕ ਕਦਰਾਂ-ਕੀਮਤਾਂ ਪ੍ਰਤਿ ਵਚਨਬੱਧਤਾ ਦ੍ਰਿੜਾਉਂਦਾ ਹੈ। ਇਹ ਨਤੀਜੇ ਆਜ਼ਾਦੀ ਅਤੇ ਨਿਆਂ ਨੂੰ ਪ੍ਰਣਾਏ ਲੋਕਾਂ ਦੀ ਸੂਝ-ਬੂਝ ਦਾ ਪ੍ਰਗਟਾਵਾ ਹਨ। ਇਸ ਰਾਹੀਂ ਕੌਮ ਦੀ ਦੱਬੀ ਰੂਹ ਨੇ ਮੁੜ ਆਪਣੀ ਜ਼ੁਬਾਨ ਖੋਲ੍ਹੀ ਹੈ। ਇਸ ਨੇ ਦਰਸਾ ਦਿੱਤਾ ਹੈ ਕਿ ਆਕੀ ਅਤੇ ਬਦਜ਼ਨ ਲੋਕਾਂ ਨੂੰ ਸਰਕਾਰਾਂ ਦੇ ਜ਼ੋਰ-ਜਬਰ ਨਾਲ ਬਹੁਤੀ ਦੇਰ ਤੱਕ ਦਬਾਇਆ ਨਹੀਂ ਜਾ ਸਕਦਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਅਬਕੀ ਬਾਰ 400 ਪਾਰ' ਨਾਹਰੇ ਨੂੰ ਵੋਟਰਾਂ ਨੇ ਪੂਰੀ ਤਰ੍ਹਾਂ ਨਾਕਾਰ ਦਿੱਤਾ ਹੈ। ਵਿਰੋਧੀ ਧਿਰ ਨੂੰ ਦਬਾ ਕੇ ਗੋਡੇ ਟੇਕਣ ਲਈ ਮਜਬੂਰ ਕਰਨ ਦੀ ਭਾਜਪਾ ਵਲੋਂ ਕੀਤੀ ਹਰ ਕੋਸ਼ਿਸ਼ ਦੇ ਬਾਵਜੂਦ ਇਸ ਪਾਰਟੀ ਦੀਆਂ ਸੀਟਾਂ ਦੀ ਗਿਣਤੀ 303 ਤੋਂ ਘਟ ਕੇ 240 'ਤੇ ਆ ਗਈ ਹੈ ਜਦੋਂਕਿ ਕਾਂਗਰਸ ਆਪਣੀਆਂ ਸੀਟਾਂ 52 ਤੋਂ 99 ਕਰਨ ਵਿੱਚ ਕਾਮਯਾਬ ਹੋ ਗਈ। ਕਾਂਗਰਸ ਦੀ ਅਗਵਾਈ ਵਾਲੇ 'ਇੰਡੀਆ ਗਠਜੋੜ' ਨੇ ਸੱਤਾਧਾਰੀਆਂ ਨੂੰ ਤਕੜੀ ਟੱਕਰ ਦਿੱਤੀ ਹੈ।

ਜਿਵੇਂ ਕਿ ਲਗਦਾ ਹੀ ਸੀ ਕਿ ਭਾਜਪਾ ਨੇ ਆਪਣੇ ਸਹਿਯੋਗੀ ਜਨਤਾ ਦਲ (ਯੂ), ਤੇਲਗੂ ਦੇਸ਼ਮ ਪਾਰਟੀ, ਜਨਸ਼ਕਤੀ ਪਾਰਟੀ ਅਤੇ ਹੋਰ ਕਈ ਖੇਤਰੀ ਪਾਰਟੀਆਂ ਦੇ ਸਹਿਯੋਗ ਨਾਲ ਸਰਕਾਰ ਬਣਾ ਲਈ ਹੈ। ਭਾਜਪਾ ਦੇ ਆਗੂ ਨਰਿੰਦਰ ਮੋਦੀ ਨੇ ਇਸ ਕੁਲੀਸ਼ਨ ਸਰਕਾਰ ਦੀ ਕਮਾਨ ਸੰਭਾਲੀ ਹੈ ਜਿਸ ਲਈ 72 ਮੈਂਬਰੀ ਮੰਤਰੀ ਮੰਡਲ ਬਣਾ ਲਿਆ ਹੈ ਜਿਸ ਵਿੱਚ ਸਾਰੀਆਂ ਭਾਈਵਾਲ ਪਾਰਟੀਆਂ ਦੇ ਮੈਂਬਰਾਂ ਨੂੰ ਸਥਾਨ ਦਿੱਤਾ ਗਿਆ ਹੈ। ਇਹ ਐਨ.ਡੀ.ਏ ਗਠਜੋੜ ਦੀ ਸਰਕਾਰ ਹੈ ਨਾਂਕਿ ਇਕੱਲੀ ਭਾਜਪਾ ਦੀ। ਲੋਕਤੰਤਰ ਲਈ ਇਹ ਇੱਕ ਚੰਗੀ ਖ਼ਬਰ ਹੈ। ਹੁਣ ਦੇਸ਼ ਨੂੰ 'ਵਿਰੋਧੀ ਧਿਰ ਤੋਂ ਮੁਕਤ' ਹੋਣ ਦਾ ਕੋਈ ਖਤਰਾ ਨਹੀਂ ਹੈ। ਦਸ ਸਾਲਾਂ ਬਾਅਦ ਇਸ ਲੋਕ ਸਭਾ ਵਿੱਚ ਮਜ਼ਬੂਤ ਵਿਰੋਧੀ ਧਿਰ ਦੇਖਣ ਨੂੰ ਮਿਲੇਗੀ ਜਿਸ ਨੂੰ ਪਾਰਲੀਮੈਂਟ ਵਿੱਚ ਆਪਣੀ ਗੱਲ ਕਹਿਣ ਦਾ ਮੌਕਾ ਮਿਲੇਗਾ। ਇਸ ਲਈ ਕਾਗਰਸ ਤੇ ਇਸ ਦੇ ਸਹਿਯੋਗੀ ਸਾਥੀ ਹੁਣ ਕਈ ਸਮਾਜਿਕ-ਆਰਥਿਕ ਮੁੱਦਿਆਂ 'ਤੇ ਸਰਕਾਰ ਨੂੰ ਪੱਬਾਂ ਭਾਰ ਰੱਖਣਗੇ। ਇਨ੍ਹਾਂ ਮੁੱਦਿਆਂ .ਚ ਬੇਰੁਜ਼ਗਾਰੀ, ਮਹਿੰਗਾਈ ਤੇ ਵਧਦੀ ਨਾਬਰਾਬਰੀ ਸ਼ਾਮਿਲ ਹਨ ਜਿਨ੍ਹਾਂ ਨੇ ਵੋਟਰਾਂ ਦੀ ਚੋਣ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਹੁਣ ਵਿਰੋਧੀ ਧਿਰ ਦੇ ਸਿਰ 'ਤੇ ਵੀ ਅਹਿਮ ਜ਼ਿੰਮੇਵਾਰੀ ਆ ਗਈ ਹੈ ਕਿ ਉਹ ਸਰਕਾਰ ਦੇ ਜਮਹੂਰੀਅਤ ਵਿਰੋਧੀ ਕਾਰਜਾਂ ਨੂੰ ਨੱਥ ਪਾ ਕੇ ਰੱਖੇ।

ਭਾਰਤੀ ਸੰਵਿਧਾਨ ਵਿੱਚ ਵੱਡੀਆਂ ਤਬਦੀਲੀਆਂ ਕਰਨ ਦੇ ਖ਼ਦਸ਼ਿਆਂ ਨੂੰ ਵੀ ਹੁਣ ਠਲ੍ਹ ਪੈ ਜਾਵੇਗੀ। ਹੁਣ ਭਾਜਪਾ ਤਾਨਾਸ਼ਾਹੀ ਵਾਲਾ ਵਤੀਰਾ ਅਖਤਿਆਰ ਨਹੀਂ ਕਰ ਸਕਦੀ। ਪਿਛਲੀਆਂ ਦੋ ਸਰਕਾਰਾਂ ਭਾਜਪਾ ਦੀਆਂ ਨਹੀਂ, ਨਰਿੰਦਰ ਮੋਦੀ ਦੀਆਂ ਸਨ। ਵਰਤਮਾਨ ਸਰਕਾਰ ਗੱਠਜੋੜ ਦੇ ਭਾਈਵਾਲਾਂ ਦੇ ਸਿਰ 'ਤੇ ਹੀ ਬਹੁਮੱਤ ਸਾਬਤ ਕਰ ਸਕਦੀ ਹੈ ਜਿਸ ਵਿੱਚ ਨਿਤੀਸ਼ ਕੁਮਾਰ ਦੇ 12 ਅਤੇ ਚੰਦਰਬਾਬੂ ਨਾਇਡੂ ਦੇ 16 ਮੈਂਬਰ ਹਨ। ਇਨ੍ਹਾਂ ਦੋਵੇਂ ਘਾਗ ਸਿਆਸਤਦਾਨਾਂ ਦੀ ਵੀ ਅਹਿਮ ਭੂਮਿਕਾ ਹੋਵੇਗੀ। ਇਸ ਚੋਣ ਨੇ ਪ੍ਰਧਾਨ ਮੰਤਰੀ ਲਈ ਵੀ ਜਬਰਦਸਤ ਚੁਣੌਤੀ ਪੇਸ਼ ਕੀਤੀ ਹੈ। ਵੰਡਪਾਊ ਚੋਣ ਪ੍ਰਚਾਰ ਨੇ ਦੇਸ਼ ਦੀ ਆਤਮਾ ਨੂੰ ਵਲੂੰਧਰ ਦਿੱਤਾ ਹੈ ਜਿਸ ਦੇ ਜ਼ਖਮਾਂ ਨੂੰ ਹੁਣ ਭਰਨ ਦੀ ਲੋੜ ਹੈ। ਘੱਟਗਿਣਤੀਆਂ ਦਾ ਤਿਰਸਕਾਰ, ਬਹੁਤ ਨੀਵੇਂ ਪੱਧਰ ਦਾ ਚੁਣਾਵੀ ਬਿਰਤਾਂਤ, ਸਿਆਸੀ ਮੁਫ਼ਾਦ ਲਈ ਕਾਨੂੰਨੀ ਅਤੇ ਨਿਆਂਇਕ ਪ੍ਰਕਿਰਿਆਵਾਂ ਦੀ ਭੰਨਤੋੜ, ਦੇਸ਼ ਭਰ ਵਿੱਚ ਸੱਤਾਧਾਰੀ ਪਾਰਟੀਆਂ ਵਲੋਂ ਸੰਵਿਧਾਨਕ ਸ਼ਕਤੀ ਦੀ ਦੁਰਵਰਤੋਂ ਅਤੇ ਹਰ ਪੱਧਰ 'ਤੇ ਫੈਲਿਆ ਭ੍ਰਿਸ਼ਟਾਚਾਰ ਵਰਗੇ ਪਹਿਲੂ ਸਾਡੇ ਲੋਕਤੰਤਰ ਦੀਆਂ ਕਮਜ਼ੋਰੀਆਂ ਨੂੰ ਉਜਾਗਰ ਕਰ ਰਹੇ ਹਨ। ਇਸ ਲਈ ਪ੍ਰਧਾਨ ਮੰਤਰੀ ਦਾ ਸਭ ਤੋਂ ਪਹਿਲਾ ਕਾਰਜ ਸੰਵਿਧਾਨਕ ਲੋਕਤੰਤਰ ਵਜੋਂ ਦੇਸ਼ ਦੀ ਸਾਖ਼ ਬਹਾਲ ਕਰਨਾ ਹੋਣਾ ਚਾਹੀਦਾ ਹੈ। ਨਵੀਂ ਸਰਕਾਰ ਨੂੰ ਉਨ੍ਹਾਂ ਕਠੋਰ ਦੰਡਾਤਮਕ ਕਾਨੂੰਨਾਂ ਨੂੰ ਰੱਦ ਕਰਨਾ ਜਾਂ ਸੋਧਣਾ ਚਾਹੀਦਾ ਹੈ ਜਿਨ੍ਹਾਂ ਦੀ ਨਾਗਰਿਕਾਂ ਦੇ ਸੰਵਿਧਾਨਕ ਹੱਕਾਂ ਦੀ ਬੇਕਦਰੀ ਕਰ ਕੇ ਦੁਰਵਰਤੋਂ ਕੀਤੀ ਜਾਂਦੀ ਹੈ। ਸਰਕਾਰ ਨੂੰ ਮਾਨਵਤਾਵਾਦੀ ਕਾਨੂੰਨ ਘੜਨੇ ਚਾਹੀਦੇ ਹਨ ਜਿਨ੍ਹਾਂ ਵਿੱਚ ਉਹ ਵਿਆਪਕ ਕਾਨੂੰਨ ਵੀ ਸ਼ਾਮਿਲ ਹੈ ਜੋ ਹਿਰਾਸਤੀ ਤਸ਼ੱਦਦ ਨੂੰ ਗੈਰਕਾਨੂੰਨੀ ਬਣਾਉਂਦਾ ਹੈ।

ਹੁਣ ਭਾਜਪਾ ਨੂੰ ਸਪਸ਼ਟ ਹੋ ਗਿਆ ਹੈ ਕਿ ਆਮ ਲੋਕਾਂ ਨਾਲ ਜੁੜੇ ਮੁੱਦੇ ਉਠਾਉਣ ਦੀ ਥਾਂ ਉਸ ਦੇ ਧਰੁਵੀਕਰਨ ਅਤੇ ਫਿਰਕੂ ਏਜੰਡੇ ਤੋਂ ਦੇਸ਼ ਦੇ ਲੋਕ ਅੱਕ ਚੁੱਕੇ ਹਨ। ਸਰਕਾਰ ਦੀਆਂ ਸਾਂਝੀਵਾਲ ਪਾਰਟੀਆਂ ਦੇ ਅਗਨੀਵੀਰ ਯੋਜਨਾ, ਸਾਂਝੇ ਸਿਵਲ ਕੋਡ ਅਤੇ ਜਾਤੀਗਣਨਾ ਅਤੇ ਮੁਸਲਮਾਨਾਂ ਦੇ ਰਾਖਵਾਂਕਰਨ ਬਾਰੇ ਵਿਰੋਧੀ ਵਿਚਾਰ ਕਿਸੇ ਤੋਂ ਗੁਝੇ ਨਹੀਂ। ਵਿਚਾਧਾਰਕ ਵਖਰੇਵਿਆਂ ਵਾਲੇ ਇਨ੍ਹਾਂ ਭਾਈਵਾਲਾਂ ਨਾਲ ਤਾਲਮੇਲ ਬਿਠਾਉਣਾ ਭਾਜਪਾ ਲਈ ਦੋਧਾਰੀ ਤਲਵਾਰ 'ਤੇ

ਚੱਲਣ ਵਾਂਗ ਹੋਵੇਗਾ। ਉੱਧਰ ਨਰਿੰਦਰ ਮੋਦੀ ਇੱਕ ਵੱਖਰੀ ਸਖ਼ਸ਼ੀਅਤ ਦੇ ਮਾਲਕ ਹਨ। ਉਹ ਇੱਕ ਪ੍ਰਚਾਰਕ ਅਤੇ ਪਾਰਟੀ ਦੇ ਜਥੇਬੰਦਕ ਕਾਰਕੁਨ ਵਜੋਂ ਕਈ ਸਾਲਾਂ ਤੱਕ ਹੋਰਨਾਂ ਲੋਕਾਂ ਨਾਲ ਮਿਲ ਕੇ ਜਾਂ ਉਨ੍ਹਾਂ ਦੇ ਅਧੀਨ ਤਾਂ ਕੰਮ ਕਰਦੇ ਰਹੇ ਹਨ ਪਰ ਉਹ ਕਦੇ ਵੀ ਸਾਧਾਰਨ ਵਿਧਾਇਕ ਜਾਂ ਕੇਂਦਰੀ ਪੱਧਰ ਦੇ ਮੰਤਰੀ ਨਹੀਂ ਰਹੇ। 2001 ਤੋਂ ਹੁਣ ਤੱਕ ਉਨ੍ਹਾਂ ਨੇ ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਬਣਨਾ ਹੀ ਸਿੱਖਿਆ ਹੈ। ਉਹ ਪਿਛਲੇ ਤੇਈ ਸਾਲਾਂ ਤੋਂ ਬਿੱਗ ਬੌਸ, ਟੌਪ ਬੌਸ, ਇਕਮਾਤਰ ਅਤੇ ਸੁਪਰੀਮ ਬੌਸ ਦੀਆਂ ਭੂਮਿਕਾਵਾਂ ਹੀ ਨਿਭਾਉਂਦੇ ਆ ਰਹੇ ਹਨ। ਉਸ ਨੇ ਸਰਕਾਰ ਦੇ ਮੁਖੀ ਵਜੋਂ ਆਪਣਾ ਇੱਕ ਵਿਰਾਟ ਜਨੂੰਨੀ ਅਕਸ ਉਸਾਰਿਆ ਹੈ ਅਤੇ ਖ਼ੁਦ ਨੂੰ ਇੱਕ ਅਜਿਹੇ ਵਿਅਕਤੀ ਜਾਂ ਆਗੂ ਵਜੋਂ ਪੇਸ਼ ਕੀਤਾ ਹੈ ਜੋ ਇਕੱਲਾ ਹੀ ਪਹਿਲਾਂ ਆਪਣੇ ਰਾਜ ਤੇ ਫੇਰ ਆਪਣੇ ਦੇਸ਼ ਨੂੰ ਖ਼ੁਸ਼ਹਾਲੀ ਤੇ ਮਹਾਨਤਾ ਵੱਲ ਲਿਜਾਣ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਸੱਤਾ ਨੂੰ ਵਿਅਕਤੀ ਤੱਕ ਮਹਿਦੂਦ ਕਰਨ ਦੇ ਟੀਚੇ ਪਿੱਛੇ ਭੱਜਦਿਆਂ ਉਨ੍ਹਾਂ ਗਾਂਧੀਨਗਰ ਤੇ ਨਵੀਂ ਦਿੱਲੀ ਵਿਚਲੇ ਕੈਬਨਿਟ ਸਹਿਯੋਗੀਆਂ ਤੋਂ ਅਧੀਨਗੀ ਅਤੇ ਚਾਪਲੂਸੀ ਦੀ ਤਵੱਕੋ ਕੀਤੀ ਜੋ ਹਮੇਸ਼ਾਂ ਮਿਲਦੀ ਵੀ ਰਹੀ। ਉਸ ਨੇ ਸਰਕਾਰ ਦੀ ਹਰ ਪ੍ਰਾਪਤੀ ਦਾ ਸਿਹਰਾ ਸਿਰਫ਼ ਤੇ ਸਿਰਫ਼ ਆਪਣੇ ਸਿਰ ਹੀ ਬੰਨ੍ਹਿਆਂ ਹੈ। ਇਸ ਪੱਖੋਂ ਨਰਿੰਦਰ ਮੋਦੀ ਆਪਣੇ ਤੋਂ ਪਹਿਲੇ ਗੱਠਜੋੜਾਂ ਦੀਆਂ ਸਰਕਾਰਾਂ ਚਲਾਉਣ ਵਾਲੇ ਪ੍ਰਧਾਨ ਮੰਤਰੀਆਂ- ਮੋਰਾਰਜੀ ਦੇਸਾਈ, ਨਰਸਿਮਹਾ ਰਾਓ, ਅਟਲ ਬਿਹਾਰੀ ਵਾਜਪਾਈ ਅਤੇ ਡਾ. ਮਨਮੋਹਨ ਸਿੰਘ ਤੋਂ ਵੱਖਰੇ ਹਨ। ਸਵਾਲ ਹੈ ਕਿ ਕੀ ਆਪਣੇ ਆਪ ਨੂੰ 'ਧਰਤੀ 'ਤੇ ਰੱਬ ਦਾ ਨੁਮਾਂਇੰਦਾ' ਸਮਝਣ ਵਾਲਾ ਵਿਅਕਤੀ ਖ਼ੁਦ ਨੂੰ ਹੁਣ ਇੱਕ ਨਿਤਾਣੇ ਮਨੁੱਖ ਵਜੋਂ ਪ੍ਰਵਾਨ ਕਰੇਗਾ? ਇਸ ਪ੍ਰਸ਼ਨ ਦਾ ਉੱਤਰ ਮਿਲਣ ਨੂੰ ਤਾਂ ਸਮਾਂ ਲੱਗੇਗਾ ਪਰ ਨਰਿੰਦਰ ਮੋਦੀ ਦੀ ਸ਼ਾਸਨ ਸ਼ੈਲੀ ਵਿੱਚ ਸੰਕੇਤਕ ਜਿਹੀ ਨਰਮੀ ਆਉਣ ਦੀ ਸੰਭਾਵਨਾ ਹੈ।

ਹਮੇਸ਼ਾਂ ਦੀ ਤਰ੍ਹਾਂ ਪੰਜਾਬ ਵਿੱਚ ਇਨ੍ਹਾਂ ਚੋਣਾਂ ਦਾ ਫ਼ਤਵਾ ਵੱਖਰਾ ਰਿਹਾ ਹੈ। ਇੱਥੇ 13 ਲੋਕ ਸਭਾ ਸੀਟਾਂ ਵਿੱਚੋਂ ਕਾਂਗਰਸ ਨੂੰ 7, ਰਾਜ ਕਰ ਰਹੀ ਆਮ ਆਦਮੀ ਪਾਰਟੀ ਨੂੰ 3, ਅਕਾਲੀ ਦਲ ਨੂੰ 1 ਅਤੇ ਆਜ਼ਾਦ ਉਮੀਦਵਾਰਾਂ ਨੂੰ 2 ਸੀਟਾਂ ਹਾਸਲ ਹੋਈਆਂ ਹਨ ਜਦੋਂਕਿ ਭਾਜਪਾ ਨੂੰ ਹਰ ਹੀਲਾ ਵਸੀਲਾ ਵਰਤਣ ਦੇ ਬਾਵਜੂਦ ਕੋਈ ਸੀਟ ਨਹੀਂ ਮਿਲੀ। ਅਸਲ ਵਿੱਚ ਪੰਜਾਬੀਆਂ ਦੇ ਮੁੱਖ ਮੁੱਦੇ-ਕਿਸਾਨੀ ਸੰਕਟ, ਨਸ਼ੇ, ਰਿਸ਼ਵਤਖੋਰੀ, ਕਾਨੂੰਨ ਵਿਵਸਥਾ ਤੇ ਰਾਜ ਪ੍ਰਬੰਧ ਵਿੱਚ ਸੁਧਾਰ ਹਨ। ਇਨ੍ਹਾਂ ਸਮੱਸਿਆਵਾਂ ਨੂੰ ਹੱਲ ਨਾ ਕਰ ਸਕਣ ਕਰ ਕੇ ਆਮ ਆਦਮੀ ਪਾਰਟੀ ਲੋਕਾਂ ਦੀਆਂ ਆਸਾਂ-ਉਮੀਦਾਂ 'ਤੇ ਖਰੀ ਨਹੀਂ ਉੱਤਰੀ, ਅਕਾਲੀ ਦਲ ਜਿਹੜਾ ਕਿਸੇ ਸਮੇਂ ਨਾ ਕੇਵਲ ਪੰਜਾਬ ਦੀ ਆਵਾਜ਼ ਬਣਦਾ ਸੀ ਸਗੋਂ ਕੇਂਦਰੀ ਪੱਧਰ 'ਤੇ ਰਾਜਾਂ ਦੇ ਵੱਧ ਅਧਿਕਾਰਾਂ ਦੀ ਵਕਾਲਤ ਕਰਦਾ ਹੁੰਦਾ ਸੀ, ਹੁਣ ਆਪਣੀ ਹੋਂਦ ਕਾਇਮ ਰੱਖਣ ਦੀ ਲੜਾਈ ਲੜ ਰਿਹਾ ਹੈ। ਇਸ ਪਾਰਟੀ ਦੀ ਲੀਡਰਸ਼ਿਪ ਦੀ ਰਾਜਨੀਤਿਕ ਯੋਗਤਾ 'ਤੇ ਅਜੇ ਲੋਕਾਂ ਦਾ ਵਿਸ਼ਵਾਸ ਬਣਦਾ ਨਜ਼ਰ ਨਹੀਂ ਆ ਰਿਹਾ। ਕਾਂਗਰਸੀ ਆਗੂਆਂ ਦੀਆਂ ਦਲਬਦਲੀਆਂ ਅਤੇ ਵਿਸ਼ਵਾਸਘਾਤੀ ਕਾਰਵਾਈਆਂ ਦੇ ਬਾਵਜੂਦ ਪੰਜਾਬ ਦਾ ਵੱਡਾ ਫ਼ਤਵਾ ਇਸ ਪਾਰਟੀ ਦੇ ਪੱਖ ਵਿੱਚ ਗਿਆ ਹੈ ਜਿਸ ਦਾ ਮੁੱਖ ਕਾਰਨ ਕੇਂਦਰ ਸਰਕਾਰ ਵਿਰੁੱਧ ਕਾਂਗਰਸ ਆਗੂ ਰਾਹੁਲ ਗਾਂਧੀ ਦੀਆਂ ਭਾਰਤ ਜੋੜੋ ਯਾਤਰਾਵਾਂ ਤੋਂ ਬਾਅਦ ' ਰਾਜਨੀਤਿਕ ਮਨੁੱਖ' ਦੇ ਤੌਰ 'ਤੇ ਉੱਭਰ ਕੇ ਆਉਣਾ ਅਤੇ ਆਮ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਪਾਰਟੀ ਦੇ ਕੇਂਦਰੀ ਬਿੰਦੂ 'ਤੇ ਲਿਆਉਣਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਵਿੱਚ ਫਿਰਕੂ ਭਾਸ਼ਨਾਂ ਦੇ ਬਾਵਜੂਦ ਸਿੱਖ ਭਾਈਚਾਰੇ ਅਤੇ ਪੰਜਾਬੀਆਂ ਦਾ ਕਾਂਗਰਸ ਵਿੱਚ ਦਿਖਾਇਆ ਵਿਸ਼ਵਾਸ ਇੱਥੋਂ ਦੇ ਲੋਕਾਂ ਦੀ ਸਦਾ ਅਗਾਂਹ ਵਧਣ ਵਾਲੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਇਨ੍ਹਾਂ ਚੋਣਾਂ ਦੌਰਾਨ ਪੰਜਾਬ ਦੇ ਆਮ ਲੋਕਾਂ ਨੇ ਆਪਣੇ ਮੁੱਦੇ ਜਿਸ ਨਿਡਰਤਾ ਅਤੇ ਬੇਝਿਜਕਤਾ ਨਾਲ  ਸਿਆਸਤਦਾਨਾਂ ਅੱਗੇ ਉਠਾਏ ਹਨ, ਇਹ ਉਨ੍ਹਾਂ ਦੀ ਚੇਤਨਤਾ ਦਾ ਪ੍ਰਤੀਕ ਹੈ। ਇਸ ਦੇ ਬਾਵਜੂਦ ਰਾਜਨੀਤਿਕ ਜਮਾਤਾਂ ਦੇ ਵਿਹਾਰ ਵਿੱਚ ਕੋਈ ਤਬਦੀਲੀ ਨਹੀਂ ਦਿਸਦੀ। ਪੰਜਾਬੀਆਂ ਨੇ ਖਡੂਰ ਸਾਹਿਬ ਅਤੇ ਫਰੀਦਕੋਟ ਦੇ ਆਜ਼ਾਦ ਉਮੀਦਵਾਰਾਂ ਨੂੰ ਜਿਤਾ ਕੇ ਸ਼ਾਸਕਾਂ ਨੂੰ ਤਕੜਾ ਸੁਨੇਹਾ ਦਿੱਤਾ ਹੈ ਕਿ ਉਹ ਆਪਣੀ ਭੋਇੰ ਦੇ ਪੁੱਤਰਾਂ ਨਾਲ ਧੱਕੇਸ਼ਾਹੀ ਬਿਲਕੁਲ ਸਹਿਨ ਨਹੀਂ ਕਰਨਗੇ। ਉਹ ਇਨ੍ਹਾਂ ਵਰਗੇ ਨਵੇਂ ਵਰਤਾਰਿਆਂ ਰਾਹੀਂ ਰਾਜਨੀਤਿਕ ਪਾਰਟੀਆਂ ਨੂੰ ਸਵਾਲ ਪੁੱਛਦੇ ਰਹਿਣਗੇ। ਫਿਰ ਵੀ ਆਸ ਹੈ ਕਿ ਵਰਤਮਾਨ ਲੋਕ ਸਭਾ ਜਮਹੂਰੀਅਤ ਦੀ ਮਜ਼ਬੂਤੀ 'ਚ ਸਹਾਈ ਸਿੱਧ ਹੋਵੇਗੀ।

❋ ❋ ❋ ❋ ❋

**ਨਵੇਂ ਚੁਣੇ ਗਏ 543 ਲੋਕ ਸਭਾ ਮੈਂਬਰਾਂ ਵਿੱਚ**

- 251 ਵਿਰੁੱਧ ਅਪਰਾਧਿਕ ਕੇਸ ਦਰਜ ਹਨ। ਇਨ੍ਹਾਂ ਵਿੱਚ 27 ਨੂੰ ਸਜ਼ਾ ਹੋ ਚੁੱਕੀ ਹੈ।
- 170 ਵਿਰੁੱਧ ਜਬਰ ਜਿਨਾਹ, ਹੱਤਿਆ ਦੀ ਕੋਸ਼ਿਸ਼, ਅਸਲਾ ਅਤੇ ਔਰਤਾਂ ਖਿਲਾਫ ਹਿੰਸਾ ਦੇ ਗੰਭੀਰ ਦੋਸ਼ ਹਨ।
- 1 ਕੇਵਲ ਸਾਖਰ, 2 ਪੰਜਵੀਂ ਤੱਕ ਪੜ੍ਹੇ, 4 ਅੱਠਵੀਂ ਪਾਸ ਅਤੇ 65 ਬਾਹਰਵੀਂ ਪਾਸ ਹਨ। 121 ਅਨਪੜ੍ਹ ਵੀ ਚੋਣ ਮੈਦਾਨ ਵਿੱਚ ਸਨ ਪਰ ਉਹ ਸਾਰੇ ਹਾਰ ਗਏ।

**ਅਪ੍ਰੈਲ – ਜੂਨ 2024 ਦੌਰਾਨ**

# ਸੈਣੀ ਭਵਨ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



## ਸਾਲਾਨਾ ਸੈਣੀ ਸੰਮੇਲਨ

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ 40ਵਾਂ ਸਾਲਾਨਾ ਸੈਣੀ ਸੰਮੇਲਨ, 6 ਅਪ੍ਰੈਲ, 2024 ਨੂੰ ਸੈਣੀ ਭਵਨ ਰੂਪਨਗਰ ਵਿਖੇ ਆਯੋਜਿਤ ਕੀਤਾ ਗਿਆ। ਇਸ ਦੇ ਮੁੱਖ ਮਹਿਮਾਨ ਸ਼੍ਰੀ ਸੰਦੀਪ ਸੈਣੀ, ਚੇਅਰਮੈਨ ਪੰਜਾਬ ਪਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿਤ ਕਾਰਪੋਰੇਸ਼ਨ ਅਤੇ ਵਿਸ਼ੇਸ਼ ਮਹਿਮਾਨ ਇੰਜ. ਭਗਵਾਨ ਸਿੰਘ ਖੇਤਰੀ ਵਾਤਾਵਰਨ ਅਧਿਕਾਰੀ (ਰਿਟ.) ਹਰਿਆਣਾ ਸਨ।

ਸੰਮੇਲਨ ਦਾ ਆਰੰਭ ਸਵੇਰੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਕੀਤਾ ਗਿਆ। ਇਹ ਸੇਵਾ ਬਾਬਾ ਸਤਿਨਾਮ ਜੀ ਦੇ ਗੁਰੂਦੁਆਰਾ ਸਾਹਿਬ ਵਲੋਂ ਨਿਭਾਈ ਗਈ। ਇਸ ਮੌਕੇ ਗੁਰਦੁਆਰਾ ਹੈੱਡ ਦਰਬਾਰ ਕੋਟਿ ਪੁਰਾਣ ਰੂਪਨਗਰ ਦੇ ਬਾਬਾ ਅਵਤਾਰ ਸਿੰਘ ਜੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਲੋਕ ਭਲਾਈ ਦੇ ਕਾਰਜ ਕਰਨ ਲਈ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਇਸ ਸਮੇਂ ਸਮਾਜ ਸੇਵੀ ਤੇ ਰਾਜਨੀਤਿਕ ਆਗੂ ਸ. ਅਮਰਜੀਤ ਸਿੰਘ ਸੈਣੀ ਨੇ ਵੀ ਹਾਜ਼ਰੀ ਲੁਆਈ।

ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸ਼੍ਰੀ ਸੰਦੀਪ ਸੈਣੀ ਨੇ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਪਿਛਲੇ 40 ਸਾਲਾਂ ਤੋਂ ਸੈਣੀ ਬਰਾਦਰੀ ਦੀ ਸ਼ਾਨ ਵਧਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਜਿਨ੍ਹਾਂ ਯਤਨਾਂ ਸਦਕਾ ਸੈਣੀ ਸਮਾਜ ਦੇ ਲੋਕ ਵੱਖ ਵੱਖ ਖੇਤਰਾਂ ਵਿੱਚ ਸਨਮਾਨ ਹਾਸਲ ਕਰਨ ਦੇ ਯੋਗ ਹੋਏ ਹਨ। ਇੰਜ. ਭਗਵਾਨ ਸਿੰਘ ਨੇ ਇਸ ਸਮੇਂ ਬੋਲਦਿਆਂ ਸੈਣੀ ਭਵਨ ਵਲੋਂ ਕੀਤੇ ਜਾ ਰਹੇ ਸਮਾਜ ਭਲਾਈ ਕੰਮਾਂ ਦੀ ਪ੍ਰਸ਼ੰਸਾ ਕੀਤੀ ਅਤੇ ਇਸ ਦੇ ਵਿਕਾਸ ਕਾਰਜਾਂ ਲਈ ਇੱਕ ਲੱਖ ਰੁਪਏ ਦਾਨ ਦਿੱਤੇ। ਜਿਕਰਯੋਗ ਕਿ ਇਹ ਮਹਾਂਦਾਨੀ ਹਰ ਸਾਲ ਸੈਣੀ ਭਵਨ ਦੀ ਆਰਥਿਕ ਸਹਾਇਤਾ ਕਰਦੇ ਹਨ ਅਤੇ ਹੁਣ ਤੱਕ ਇਹ ਰਾਸ਼ੀ 3.75 ਲੱਖ ਹੋ ਗਈ ਹੈ। ਸੈਣੀ ਭਵਨ ਦੇ ਚੇਅਰਮੈਨ ਡਾ. ਅਜਮੇਰ ਸਿੰਘ ਨੇ ਮਹਿਮਾਨਾਂ ਅਤੇ ਸਾਰੇ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਅਤੇ ਜਨਰਲ ਸਕੱਤਰ ਸ. ਬਲਬੀਰ ਸਿੰਘ ਸੈਣੀ ਨੇ ਸੰਸਥਾ ਦੀ ਪਿਛਲੇ ਸਾਲ 2023 ਦੀ ਕਾਰਗੁਜਾਰੀ ਰਿਪੋਰਟ ਪੇਸ਼ ਕੀਤੀ। ਉਨ੍ਹਾਂ ਨੇ ਸੰਸਥਾ ਵਿੱਚ ਚੱਲਦੇ ਉਸਾਰੀ ਕਾਰਜਾਂ ਵਿੱਚ ਵਿਤੀ ਯੋਗਦਾਨ ਪਾਉਣ ਦੀ ਅਪੀਲ ਵੀ ਕੀਤੀ। ਸੰਸਥਾ ਦੇ ਐਕਟਿੰਗ ਪ੍ਰਧਾਨ ਰਾਜਿੰਦਰ ਸਿੰਘ ਨਨੂਆਂ ਵਲੋਂ ਸੈਣੀ ਬਰਾਦਰੀ ਦੀ ਭਲਾਈ ਅਤੇ ਰੂਪਨਗਰ ਸ਼ਹਿਰ ਦੇ ਵਿਕਾਸ ਸਬੰਧੀ ਚਾਰ ਮਤੇ ਪੇਸ਼ ਕੀਤੇ ਜਿਨ੍ਹਾਂ ਨੂੰ ਹਾਜ਼ਰ ਪਤਵੰਤੇ ਸੱਜਣਾ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਇਸ ਮੌਕੇ ਸੈਣੀ ਭਵਨ 'ਚ ਵੱਖ ਵੱਖ ਸਿਖਲਾਈ ਕੋਰਸ ਪੂਰਾ ਕਰਨ ਵਾਲੀਆਂ ਸਿਖਿਆਰਥਣਾਂ ਨੂੰ ਸਰਟੀਫੀਕੇਟ ਪ੍ਰਦਾਨ ਕੀਤੇ ਗਏ।

**ਸਫ਼ਲ ਸੈਣੀ ਸਖ਼ਸ਼ੀਅਤਾਂ ਦਾ ਸਨਮਾਨ :** ਇਸ ਸਮਾਗਮ ਵਿੱਚ ਵੱਖ ਵੱਖ ਖੇਤਰਾਂ ਵਿੱਚ ਸਫਲਤਾਵਾਂ ਹਾਸਲ ਕਰਨ ਵਾਲੇ ਅਤੇ ਸੈਣੀ ਭਵਨ ਦੇ ਸਹਿਯੋਗੀ ਬਰਾਦਰੀ ਦੇ 18 ਵਿਅਕਤੀਆਂ ਨੂੰ ਸ਼ਾਨਦਾਰ ਢੰਗ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮੇਂ ਪੇਸ਼ ਹੋਏ ਸੱਭਿਆਚਾਰਕ ਪ੍ਰੋਗਰਾਮ ਰਾਹੀਂ ਸੈਣੀ ਬਰਾਦਰੀ ਨਾਲ ਸਬੰਧਿਤ ਚਾਰ ਕਲਾਕਾਰਾਂ- ਸ਼੍ਰੀ ਨਰਿੰਦਰ ਨਿੰਦੀ, ਸ਼੍ਰੀ ਕੁਲਬੀਰ ਸਿੰਘ ਮੋਹਾਲੀ, ਸ਼੍ਰੀ ਹਰਪਾਲ ਲਾਡਾ ਹੁਸ਼ਿਆਰਪੁਰ ਅਤੇ ਹਰਮਿੰਦਰ ਨੂਰਪੁਰੀ ਨੇ ਆਪਣੀ ਗਾਇਕ ਕਲਾਕਾਰੀ ਨਾਲ ਸਰੋਤਿਆਂ ਨੂੰ ਨਿਹਾਲ ਕੀਤਾ। ਸੈਣੀ ਭਵਨ ਦੇ ਪ੍ਰਬੰਧਕਾਂ ਨੇ ਇਨ੍ਹਾਂ ਕਲਾਕਾਰਾਂ ਨੂੰ ਲੋਈਆਂ ਅਤੇ ਮੋਮੈਂਟੋਜ਼ ਨਾਲ ਸਨਮਾਨਿਤ ਕੀਤਾ। ਸੈਣੀ ਭਵਨ ਦੀਆਂ ਸਿਖਿਆਰਥਣਾਂ ਨੇ ਆਪਣੀ ਕਲਾਕਾਰੀ ਨਾਲ ਹਾਜ਼ਰੀਨ ਨੂੰ ਮੰਤਰਮੁਗਧ ਕਰ ਦਿੱਤਾ। ਇਸ ਸਮਾਗਮ ਦੌਰਾਨ ਦਾਨੀ ਵਿਅਕਤੀਆਂ ਨੇ ਸੈਣੀ ਭਵਨ ਦੇ ਭਿੰਨ ਭਿੰਨ ਕਾਰਜਾਂ ਲਈ ਉਦਾਰ ਦਿਲੀ ਨਾਲ ਯੋਗਦਾਨ ਪਾਇਆ।

**ਸੈਣੀ ਬਰਾਦਰੀ ਦਾ ਸਮਾਜ ਨੂੰ ਯੋਗਦਾਨ ਵਿਸ਼ੇ 'ਤੇ ਭਾਸ਼ਣ** :ਖੋਜ ਭਰਪੂਰ ਤੇ ਇਤਿਹਾਸਕ ਹਵਾਲਿਆਂ ਨਾਲ ਸਜਾਏ ਯਾਦਗਾਰੀ ਲੈਕਚਰ ਨਾਲ ਭਾਈ ਸ਼ਮਿੰਦਰ ਸਿੰਘ ਭੱਕੂਮਾਜਰਾ ਸਰੋਤਿਆਂ ਦੇ ਰੂ-ਬਰੂ- ਹੋਏ। ਇਸ ਵਿੱਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਵਰਤਮਾਨ ਤੱਕ ਸਾਰੇ ਸੈਣੀ ਵਿਦਵਾਨਾਂ, ਯੋਧਿਆਂ, ਸ਼ਹੀਦਾਂ, ਆਗੂਆਂ, ਖਿਡਾਰੀਆਂ ਅਤੇ ਧਾਰਮਿਕ ਸਖਸ਼ੀਅਤਾਂ ਦਾ ਜ਼ਿਕਰ ਕਰਨ ਦੀ ਸਫਲ ਕੋਸ਼ਿਸ਼ ਕੀਤੀ। ਭਾਵੇਂ ਕਿ ਇਸ ਨੂੰ ਅੰਤਿਮ ਅਤੇ ਪੂਰਾ ਨਹੀਂ ਆਖਿਆ ਜਾ ਸਕਦਾ। ਪਰ ਪੂਰਨ ਇਤਿਹਾਸ ਤਾਂ ਅਸੀਮ ਅਤੇ ਬਹੁਤ ਕਠਿਨ ਕਾਰਜ ਹੈ। ਇਸ ਦੇ ਬਾਵਜੂਦ ਸ. ਸ਼ਮਿੰਦਰ ਸਿੰਘ ਨੇ ਬਹੁਤ ਸ਼ਲਾਘਯੋਗ ਕਾਰਜ ਕੀਤਾ ਜਿਸ ਨੂੰ ਸਰੋਤਿਆਂ ਨੇ ਖੂਬ ਸਲਾਹਿਆ। ਸੈਣੀ ਭਵਨ ਦੇ ਪ੍ਰਬੰਧਕਾਂ ਨੇ ਇਸ ਬੁੱਧੀਜੀਵੀ ਦਾ ਪੁਰਜ਼ੋਰ ਸਨਮਾਨ ਕੀਤਾ।

**ਮੈਗਜ਼ੀਨ ਸੈਣੀ ਸੰਸਾਰ ਦੇ 52ਵੇਂ ਅੰਕ ਦਾ ਲੋਕ ਅਪਰਣ:**

ਸੈਣੀ ਭਵਨ ਦੇ ਸਾਲਾਨਾ ਸੈਣੀ ਸੰਮੇਲਨ ਸਮੇਂ ਮੈਗਜ਼ੀਨ ਸੈਣੀ ਸੰਸਾਰ ਦੇ 52ਵੇਂ ਅੰਕ ਨੂੰ ਲੋਕ ਅਰਪਣ ਕੀਤਾ ਗਿਆ। ਇਹ ਰਸਮ ਮੁੱਖ ਮਹਿਮਾਨ ਸ਼੍ਰੀ ਸੰਦੀਪ ਸੈਣੀ ਅਤੇ ਵਿਸ਼ੇਸ਼ ਮਹਿਮਾਨ ਇੰਜ ਭਗਵਾਨ ਸਿੰਘ ਨੇ ਆਪਣੇ ਕਰ ਕਮਲਾਂ ਨਾਲ ਨਿਭਾਈ। ਇਸ ਸਮੇਂ ਸੈਣੀ ਭਵਨ ਦੇ ਪ੍ਰਬੰਧਕਾਂ- ਸ. ਟੇਕਪਾਲ ਸਿੰਘ ਫਰੀਦਾਬਾਦ, ਸ.ਹਾਕਮ ਸਿੰਘ, ਸ. ਰਾਮ ਸਿੰਘ ਸੈਣੀ, ਡਾ. ਜਸਵੰਤ ਕੌਰ, ਸ. ਗੁਰਮੁਖ ਸਿੰਘ ਸੈਣੀ, ਸ. ਗੁਰਮੁਖ ਸਿੰਘ ਲੌਂਗੀਆ, ਸ. ਬਹਾਦੁਰਜੀਤ ਸਿੰਘ, ਸ. ਦਲਜੀਤ ਸਿੰਘ, ਸ਼੍ਰੀ ਹਰਚਰਨ

ਦਾਸ ਸੈਰ, ਸ. ਰਾਜਿੰਦਰ ਸਿੰਘ ਨਨੂੰਆਂ, ਸ. ਅਮਰਜੀਤ ਸਿੰਘ, ਸ. ਸੁਰਿੰਦਰ ਸਿੰਘ, ਇੰਜ. ਹਰਜੀਤ ਸਿੰਘ, ਸ. ਰਾਜਿੰਦਰ ਸਿੰਘ ਗਿਰਨ, ਸ਼੍ਰੀ ਜਗਦੇਵ ਸਿੰਘ ਤੋਂ ਇਲਾਵਾ ਸੈਣੀ ਮਹਾਂ ਸਭਾ ਇਕਾਈ ਪਟਿਆਲਾ ਦੇ ਪ੍ਰਧਾਨ ਸ਼੍ਰੀ ਲਵਲੀਨ ਸੈਣੀ, ਉਨ੍ਹਾਂ ਦੇ ਸਾਥੀ ਸ. ਅਮਰੀਕ ਸਿੰਘ ਤੇ ਬਲਦੇਵ ਸਿੰਘ ਪਬਰੀ (ਰਾਜਪੁਰਾ), ਸ਼੍ਰੀ ਪ੍ਰਤਾਪ ਸੈਣੀ ਨੰਗਲ, ਸ. ਹਰਜੀਤ ਸਿੰਘ ਲੌਂਗੀਆ ਅਤੇ ਉਨ੍ਹਾਂ ਦੇ ਸਾਥੀ, ਸ. ਬਲਦੇਵ ਸਿੰਘ ਹੁਸ਼ਿਆਰਪੁਰ, ਸ. ਅਮਰਜੀਤ ਸਿੰਘ ਲੰਗੜੋਆ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ, ਸ਼੍ਰੀ ਜਰਨੈਲ ਸਿੰਘ ਨਿੱਕੂਵਾਲ, ਸ. ਸਰਵਜੀਤ ਸਿੰਘ ਐਮ.ਸੀ, ਸ. ਕਰਨੈਲ ਸਿੰਘ (ਸੀਨੀਅਰ ਸਿਟੀਜ਼ਨ ਕੌਂਸਲ), ਸੁਕਾ.ਲੀਡਰ ਹਾਕਮ ਸਿੰਘ, ਪਰਮਿੰਦਰ ਸਿੰਘ ਪਿਆਰਾ ਸਿੰਘ ਕਾਲੋਨੀ, ਐਡਵੋਕੇਟ ਹਰਸਿਮਰ ਸਿੰਘ ਸਿੱਟਾ, ਸ. ਪ੍ਰਿਤਪਾਲ ਸਿੰਘ ਅਤੇ ਸੈਣੀ ਬਰਾਦਰੀ ਦੇ ਹੋਰ 250 ਤੋਂ ਵੱਧ ਪਤਵੰਤੇ ਸੱਜਣ ਹਾਜ਼ਰ ਸਨ। ਸ਼੍ਰੀ ਰਾਜਿੰਦਰ ਸੈਣੀ ਨੇ ਸਾਰੇ ਪ੍ਰੋਗਰਾਮ ਦਾ ਸੰਚਾਲਨ ਬਾਖੂਬੀ ਕੀਤਾ। ਪ੍ਰੋਗਰਾਮ ਦੌਰਾਨ ਚਾਹ-ਪਾਣੀ ਤੇ ਰਿਫਰੈਸ਼ਮੈਂਟ ਦੀ ਸੇਵਾ ਚਾਲੂ ਰਹੀ ਅਤੇ ਅੰਤ ਵਿੱਚ ਗੁਰੂ ਦਾ ਲੰਗਰ ਖੁਲ੍ਹਾ ਵਰਤਿਆ। ਇਸ ਵਿੱਚ ਗੁਰਦੁਆਰਾ ਸਤਿਨਾਮ ਜੀ ਅਤੇ ਹੀਰਾ ਕਰਿਆਨਾ ਸਟੋਰ ਰੋਪੜ ਨੇ ਭਰਪੂਰ ਯੋਗਦਾਨ ਪਾਇਆ।

## ਯੋਗਾ ਕੈਂਪ

ਸਰੀਰ ਨੂੰ ਤੰਦਰੁਸਤ ਰੱਖਣ ਅਤੇ ਬਿਮਾਰੀਆਂ ਤੋਂ ਦੂਰ ਰਹਿਣ ਲਈ ਸੈਣੀ ਭਵਨ ਵਿੱਚ 1 ਮਈ-ਤੋਂ 4 ਮਈ 2024 ਤੱਕ ਯੋਗਾ ਕੈਂਪ ਆਯੋਜਿਤ ਕੀਤਾ ਗਿਆ। ਇਸ ਵਿੱਚ ਸੈਣੀ ਭਵਨ ਵਿੱਚ ਚੱਲਦੇ ਚਾਰ ਸਿਖਲਾਈ ਕੋਰਸਾਂ ਵਿੱਚ ਸਿੱਖਿਆ ਹਾਸਲ ਕਰ ਰਹੀਆਂ 30 ਦੇ ਕਰੀਬ ਸਿਖਿਆਰਥਣਾਂ ਤੋਂ ਇਲਾਵਾ ਸੈਣੀ ਭਵਨ ਦੇ ਪ੍ਰਬੰਧਕਾਂ ਨੇ ਵੀ ਭਾਗ ਲਿਆ। ਇਸ ਸਮੇਂ ਯੋਗਾ ਦੇ ਮਾਹਿਰ ਟਰੇਨਰਾਂ ਨੇ ਭਿੰਨ ਭਿੰਨ ਆਸਣਾ ਅਤੇ ਕਿਰਿਆਵਾਂ ਦੀ ਮਹੱਤਤਾ ਨੂੰ ਦੱਸਦਿਆਂ ਅਮਲੀ ਰੂਪ ਵਿੱਚ ਇਨ੍ਹਾਂ ਦਾ ਪ੍ਰਦਰਸ਼ਨ ਕੀਤਾ। ਸੈਣੀ ਭਵਨ ਦੇ ਟਰੱਸਟੀ ਸ਼੍ਰੀ ਰਾਜਿੰਦਰ ਸੈਣੀ ਨੇ ਇਸ ਕੈਂਪ ਦੌਰਾਨ ਸਰਗਰਮ ਭੂਮਿਕਾ ਨਿਭਾਈ ਅਤੇ ਭਾਗ ਲੈਣ ਵਾਲਿਆਂ ਨੂੰ ਯੋਗਾ ਪ੍ਰਤਿ ਜਾਗਰੂਕ ਕੀਤਾ। ਇਸ ਕੈਂਪ ਦੇ ਆਖਰੀ ਦਿਨ ਸੈਣੀ ਭਵਨ ਦੇ ਪ੍ਰਬੰਧਕਾਂ ਨੇ ਇਸ ਵਿੱਚ ਯੋਗਦਾਨ ਪਾਇਆ।



## ਮਾਸਿਕ ਮੀਟਿੰਗਾਂ

ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਸੰਸਥਾ ਵਿੱਚ ਚੱਲ ਰਹੇ

ਬਾਕੀ ਸਫਾ 12 'ਤੇ....

## ਪ੍ਰਤਿਭਾਸ਼ਾਲੀ ਸੈਣੀ ਸਖਸ਼ੀਅਤਾਂ



**ਡਾ. ਅਵਨੀਤ ਸੈਣੀ**, ਸਹਾਇਕ ਪ੍ਰੋਫੈਸਰ ਬਾਇਓਫਿਜ਼ਿਕਸ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਆਪਣੇ ਤਿੰਨ ਹੋਰ ਸਹਿਯੋਗੀ ਖੋਜੀਆਂ ਦੀ ਸਹਾਇਤਾ ਨਾਲ ਨਵੇਂ ਪੈਪਟਾਈਡ ਦੀ ਖੋਜ ਕੀਤੀ ਹੈ। ਪ੍ਰਾਸਟਰੇਟ ਸਪੈਸਫਿਕ ਐਂਟੇਜੈਨ (ਪੀ.ਐਸ.ਏ.) ਪੁਰਸ਼ਾਂ ਵਿੱਚ ਪ੍ਰਾਸਟਰੇਟ ਗਲੈਂਡ ਪੈਦਾ ਕਰਦਾ ਹੈ। ਇਸ ਖੋਜ ਨਾਲ ਯੂਨੀਵਰਸਿਟੀ ਨੂੰ ਪੈਪਟਾਈਡ ਦੇ ਦੋਹਰੇ ਕਾਰਜ ਲਈ ਪੇਟੈਂਟ ਹਾਸਿਲ ਹੋਇਆ ਹੈ। ਇਸ ਵਿਗਿਆਨੀ ਨੇ ਸੈਣੀ ਬਰਾਦਰੀ ਦਾ ਮਾਣ ਵਧਾਇਆ ਹੈ।



**ਨਵੇਦਿਤਾ ਸੈਣੀ** ਪੁੱਤਰੀ ਸ. ਹਰਿੰਦਰ ਸਿੰਘ ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਵਾਸੀ ਪਠਾਨਕੋਟ ਨੇ ਮਾਈ ਭਾਗੋ ਆਰਮਡ ਫੋਰਸਿਸ ਪ੍ਰੈਪਰੇਟਰੀ ਇੰਸਟੀਚਿਊਟ ਮੋਹਾਲੀ ਤੋਂ ਸਿਖਲਾਈ ਪ੍ਰਾਪਤ ਕਰ ਕੇ ਭਾਰਤੀ ਹਵਾਈ ਸੈਨਾ ਵਿੱਚ ਕਮਿਸ਼ਨ ਹਾਸਲ ਕਰਨ ਦਾ ਮਾਣ ਖੱਟਿਆ ਹੈ। ਉਸ ਨੇ ਏਅਰਫੋਰਸ ਅਕੈਡਮੀ ਡੁੰਡੀਗੁਲ( ਹੈਦਰਾਬਾਦ) ਵਿੱਚ ਕੰਬਾਈਂਡ ਗ੍ਰੈਜੂਏਸ਼ਨ ਪਰੇਡ ਸਫਲਤਾਪੂਰਬਕ ਪੂਰੀ ਕਰਕੇ ਫਲਾਇੰਗ ਅਫ਼ਸਰ ਵਜੋਂ ਅਹੁਦਾ ਸੰਭਾਲ ਲਿਆ ਹੈ। ਉਹ ਹਵਾਈ ਸੈਨਾ ਦੀ ਲੌਗਿਸਟਕ ਬਰਾਂਚ ਵਿੱਚ ਤਾਇਨਾਤ ਹੋਵੇਗੀ। ਉਸ ਦੇ ਨਾਲ ਹੀ ਤਿੰਨ ਹੋਰ ਕੈਡਟ ਹਵਾਈ ਸੈਨਾ ਦੇ ਅਧਿਕਾਰੀ ਬਣੇ ਹਨ। ਇਨ੍ਹਾਂ ਸਾਰਿਆਂ ਨੇ ਪੰਜਾਬ ਸਰਕਾਰ ਦੇ ਰੁਜ਼ਗਾਰ ਉਤਪਤੀ ਹੁਨਰ ਵਿਕਾਸ ਅਧੀਨ ਸਥਾਪਿਤ ਸੰਸਥਾਵਾਂ 'ਚੋਂ ਸਿਖਲਾਈ ਪ੍ਰਾਪਤ ਕੀਤੀ ਹੈ। ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਨਵੇਦਿਤਾ ਸੈਣੀ ਦੇ ਪਰਿਵਾਰ ਨੂੰ ਬਹੁਤ ਬਹੁਤ ਵਧਾਈ ਹੋਵੇ।



**ਵੇਦਾਂਤ ਸੈਣੀ,** ਜੋ ਕਿ ਭਵਨ ਵਿਦਿਆਲਾ ਸੈਕਟਰ -27 ਚੰਡੀਗੜ੍ਹ ਵਿਖੇ 12ਵੀਂ ਜਮਾਤ ਦਾ ਵਿਦਿਆਰਥੀ ਹੈ, ਨੈਸ਼ਨਲ ਟੈਸਟਿੰਗ ਏਜੰਸੀ ਵਲੋਂ ਜੇ ਈ ਈ ਮੇਨਜ਼-2 ਦੀ ਪ੍ਰੀਖਿਆ ਵਿੱਚ 100 ਪਰਸੈਂਟਾਈਲ ਤੇ ਏ ਆਈ ਆਰ 26 ਨਾਲ ਸਟੇਟ ਟੌਪਰ ਬਣਿਆਂ ਹੈ। ਇਸ ਨਤੀਜੇ ਦੇ ਆਧਾਰ 'ਤੇ ਵਿਦਿਆਰਥੀ ਨੂੰ ਦੇਸ਼ ਦੇ ਕਿਸੇ ਵੀ ਆਈ.ਆਈ.ਟੀ, ਤੇ ਐਨ.ਆਈ. ਟੀ ਇੰਜਨੀਅਰਿੰਗ ਕਾਲਜ ਵਿੱਚ ਦਾਖਲਾ ਮਿਲ ਸਕਦਾ ਹੈ। ਵੇਦਾਂਤ ਸੈਣੀ, ਪੀ ਜੀ ਆਈ ਚੰਡੀਗੜ੍ਹ ਵਿੱਚ ਬਾਲ ਰੋਗ ਵਿਭਾਗ ਵਿੱਚ ਐਸੋਸੀਏਟ ਪ੍ਰੋਫੈਸਰ ਡਾ. ਸ਼ਿਵ ਸਾਜਨ ਅਤੇ ਜੀ ਐਮ ਸੀ ਐਚ-32 ਵਿੱਚ ਬਾਲ ਰੋਗ ਵਿਭਾਗ ਦੀ ਡਾਕਟਰ ਵਿਦੂਸ਼ੀ ਮਹਾਜਨ ਦਾ ਬੇਟਾ ਹੈ।



ਖੋਜ ਭਰਪੂਰ ਲੇਖ

ਰਾਜਿੰਦਰ ਸਿੰਘ ਨੰਨੂਆ

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਅਸਲ ਕਾਰਨ

( ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਦੇ ਆਮ ਤੌਰ 'ਤੇ ਕਾਰਨ-ਚੰਦੂ ਸ਼ਾਹ ਦੀ ਬੇਟੀ ਦਾ ਗੁਰੂ ਹਰ ਗੋਬਿੰਦ ਜੀ ਨਾਲ ਰਿਸ਼ਤਾ ਕਰਨ ਤੋਂ ਇਨਕਾਰ, ਭਰਾ ਪ੍ਰਿਥੀਏ ਦੀ ਗੁਰੂ ਜੀ ਨਾਲ ਦੁਸ਼ਮਣੀ, ਬਾਗੀ ਬੇਟੇ ਖੁਸਰੋ ਦੀ ਮਦਦ ਕਰਨ ਕਰਕੇ ਜਹਾਂਗੀਰ ਦਾ ਨਾਰਾਜ਼ ਹੋ ਜਾਣਾ ਅਤੇ ਸਿੱਖ ਪੰਥ ਦੀ ਚੜ੍ਹਤ ਆਦਿ ਪ੍ਰਚਾਰੇ ਜਾਂਦੇ ਹਨ। ਸਿੱਖ ਇਤਿਹਾਸਕਾਰ ਡਾ. ਗੰਡਾ ਸਿੰਘ ਇਨ੍ਹਾਂ ਸਾਰੇ ਕਾਰਨਾਂ ਨੂੰ ਗੌਣ ਦੱਸਦਿਆਂ ਇਸ ਦਾ ਮੁੱਖ ਕਾਰਨ ਉਸ ਸਮੇਂ ਦੇ ਕੱਟੜ ਮੋਮਨਾਂ ਦੀ ਅਸਹਿਣਸ਼ੀਲਤਾ ਦੱਸਦੇ ਹਨ-ਸੰਪਾਦਕ)

ਇਸ ਲਾਸਾਨੀ ਸ਼ਹਾਦਤ ਦਾ ਮੁੱਖ ਕਾਰਨ ਸਿੱਖ ਧਰਮ ਦਾ ਬੁਨਿਆਦੀ ਦਾਰਸ਼ਨਿਕ ਸਿਧਾਤ ਹੈ। ਗੁਰੂ ਨਾਨਕ ਦੇਵ ਜੀ ਦੀ ਦਾਰਸ਼ਨਿਕ ਦ੍ਰਿਸ਼ਟੀ ਵਿੱਚ ਅਧਿਆਤਮਿਕਤਾ ਅਤੇ ਵਾਸਤਵਿਕਤਾ ਇੱਕੋ ਸਮੇਂ ਮਨੁੱਖ ਅੰਦਰ ਸਮੋਏ ਹੁੰਦੇ ਹਨ। ਵਾਸਤਵਿਕਤਾ ਮਨੁੱਖ ਦਾ ਮੂੰਹ ਸਿਆਸੀ ਸੱਚ ਵੱਲ ਰਖਦੀ ਹੈ। ਉਹ ਅੰਦਰੋਂ ਕਿਸੇ ਰੂਹਾਨੀ ਸੱਚ ਨਾਲ ਇਕਸੁਰ ਹੁੰਦਿਆਂ ਵੀ ਵਾਸਤਵਿਕਤਾ ਦੇ ਸੁਹਜ ਅਤੇ ਕੋਹਜ ਦੋਹਾਂ ਨੂੰ ਨਜਿੱਠਦਾ ਹੈ। ਅਧਿਆਤਮਮੁੱਖ ਹੋਣ ਸਮੇਂ ਵੀ ਉਹ ਵਾਸਤਵਿਕਤਾ ਨੂੰ ਪਿੱਠ ਦੇ ਕੇ ਖੜ੍ਹਾ ਨਹੀ ਹੁੰਦਾ। ਦਰਅਸਲ ਸਿੱਖ ਸਿਧਾਂਤ ਵਿੱਚ ਵਾਸਤਵਿਕਤਾ ਅਤੇ ਅਧਿਆਤਮਕਤਾ ਦੋਵੇਂ ਇੱਕਦੂਜੇ ਵਿੱਚ ਗੁੰਨ੍ਹੇ ਹੋਣ ਕਾਰਨ ਅਨਿੱਖੜ ਹਨ। ਅਧਿਆਤਮਕਤਾ ਇਕੱਲਤਾ ਵਿੱਚ ਵਿਚਰਦੀ ਹੈ। ਇਸ ਦੇ ਐਨ ਉਲਟ ਵਾਸਤਵਿਕਤਾ ਸਮੂਹ ਨਾਲ ਜੁੜੀ ਹੁੰਦੀ ਹੈ। ਪਰ ਦੋਹਾਂ ਵਿਚਲੇ ਅਟੁੱਟ ਰਿਸ਼ਤੇ ਕਾਰਨ ਸਿੱਖੀ ਦਾ ਬ੍ਰਹਮ ਇੱਕੋ ਸਮੇਂ ਨਿਰਗੁਣ ਵੀ ਹੈ ਅਤੇ ਸਰਗੁਣ ਵੀ। ਬਾਬਾ ਨਾਨਕ ਦਾ 'ਸੱਚ' ਇਸ-ਲੋਕ ਅਤੇ ਉਸ-ਲੋਕ ਦੋਵਾਂ ਥਾਵਾਂ 'ਤੇ ਵਿਦਮਾਨ ਹੈ। ਉਹ ਇਨਸਾਨ ਦੇ ਇਕੱਲ ਵਿੱਚ ਵੀ ਹੈ ਅਤੇ ਉਸ ਦੇ ਜੀਵਨ-ਸੰਸਾਰ ਵਿੱਚ ਵੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਿਸੇ ਅਧਿਆਤਮਕ-ਪੁਰਸ਼ ਦੀ ਵਿਲੱਖਣ ਸਮਾਜਮੁਖਤਾ ਦੀ ਅਦੁੱਤੀ ਮਿਸਾਲ ਹੈ; ਐਨ ਉਸੇ ਤਰ੍ਹਾਂ ਜਿਵੇਂ ਕਿ ਹਰਿਮੰਦਰ ਸਾਹਿਬ ਦਾ ਕੁੱਲ ਸੰਕਲਪ ਅਤੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੈ। ਗੁਰੂ ਜੀ ਨੇ ਅਧਿਆਤਮ ਅਤੇ ਜੀਵਨ ਨੂੰ ਬਿਲਕੁਲ ਇਕੱਠਾ ਕਰ ਦਿੱਤਾ। ਰੂਹਾਨੀਅਤ ਅਤੇ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ਅਤੇ ਵਰਤਾਰਿਆਂ ਨੂੰ ਕਿਸੇ ਇੱਕ ਬਿੰਦੂ ਉੱਤੇ ਲਿਆ ਕੇ ਟਿਕਾਉਣਾ ਹੀ ਗੁਰੂ ਨਾਨਕ ਦਾ ਧਰਮ ਹੈ। ਇਸ ਧਰਮ ਨੂੰ ਨਿਭਾਉਣ ਲਈ ਗੁਰੂ ਅਰਜਨ ਦੇਵ ਜੀ ਨੇ ਸਭ ਕੁਝ ਕੀਤਾ, ਫਿਰ ਵੀ 'ਤੇਰਾ ਭਾਣਾ ਮੀਠਾ' ਮੰਨਿਆਂ।

ਗੁਰੂ ਅਰਜਨ ਦੇਵ ਜੀ ਵਾਸਤੇ ਧਰਮ ਦਾ ਸਥਾਨ ਬਹੁਤ ਉਚੇਰਾ ਹੈ। ਤੁਸੀਂ ਰਾਮ, ਖ਼ੁਦਾ ਜਾਂ ਅੱਲ੍ਹਾ ਕਹੋ; ਤੀਰਥਾਂ 'ਤੇ ਨਾਵ੍ਹੋ ਜਾਂ ਹੱਜ ਕਰੋ; ਜਿਹੜਾ ਮਰਜ਼ੀ ਗ੍ਰੰਥ ਪੜ੍ਹੋ; ਜਿਸ ਤਰ੍ਹਾਂ ਦੇ ਮਰਜ਼ੀ ਵਸਤਰ ਧਾਰਨ ਕਰੋ; ਇਹ ਸਾਰੀਆਂ ਗੱਲਾਂ ਗੌਣ ਹਨ। ਸੱਚ ਨੂੰ ਪ੍ਰਾਪਤ ਕਰਨ ਲਈ ਉਸਦੇ ਹੁਕਮ ਦੀ ਪਛਾਣ ਪਹਿਲੀ ਸ਼ਰਤ ਹੈ, ਉੱਥੋਂ ਹੀ ਅਸਲੀ ਧਰਮ ਦਾ ਪ੍ਰਾਰੰਭ ਹੁੰਦਾ ਹੈ। ਹੁਕਮ ਦੀ ਪਛਾਣ ਰੂਹਾਨੀਅਤ ਅਤੇ ਇਨਸਾਨੀਅਤ ਦੋਹਾਂ ਖੇਤਰਾਂ ਵਿੱਚ ਬਰਾਬਰ ਦਾ ਮਹੱਤਵ ਰੱਖਦੀ ਹੈ। ਗੁਰੂ ਅਰਜਨ ਦੇਵ ਜੀ ਨੇ ਅਤਿ ਦੁਰਗਮ ਹਾਲਾਤ ਵਿੱਚ ਧਰਮ ਦੇ ਇਸ ਮੁਸ਼ਕਲ ਕਾਰਜ ਨੂੰ ਬੇਮਿਸਾਲ ਇਤਿਹਾਸਕ ਗੌਰਵ ਨਾਲ ਨਿਭਾਇਆ ਅਤੇ ਆਉਣ ਵਾਲੇ ਇਤਿਹਾਸ ਵਾਸਤੇ ਪੂਰਨੇ ਪਾਏ। ਇਸ ਮਨੋਸਥਿਤੀ ਨੂੰ ਵਧੇਰੇ ਸਮਝਣ ਵਾਸਤੇ ਵਿਸਮਾਦ, ਵਾਹਿਗੁਰੂ ਅਤੇ ਨਾਮ ਵਰਗੇ ਭਾਵ ਜਗਤਾਂ ਨਾਲ ਵੀ ਸਾਂਝ ਪਾਈ ਜਾ ਸਕਦੀ ਹੈ।

ਗੁਰੂ ਅਰਜਨ ਜੀ ਦੀ ਬਾਣੀ, ਹਰਿਮੰਦਰ ਦੀ ਉਸਾਰੀ, ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਅਤੇ ਉਨ੍ਹਾਂ ਦੀ ਸ਼ਹੀਦੀ ਦਾ ਸਹੀ ਵਰਣਨ ਨਫ਼ਰਤਾਂ ਵਿੱਚ ਵੰਡੇ ਅਜੋਕੇ ਸਮਾਜ ਵਾਸਤੇ ਬਹੁਤ ਵੱਡੀ ਰੋਸ਼ਨੀ ਹਨ ਜਿਸ ਦੀ ਲੋਅ ਦਾ ਲਾਹਾ ਲੈਣਾ ਚਾਹੀਦਾ ਹੈ।

(ਪੰਜਾਬੀ ਟ੍ਰਿਬਿਊਨ 'ਤੋਂ ਧੰਨਵਾਦ ਸਹਿਤ)

## ਸ਼ਰਧਾਂਜਲੀ



ਸਰਦਾਰਨੀ ਰਾਜਵੰਸ਼ ਕੌਰ ਸੁਪਤਨੀ ਸਵ.ਇੰਦਰਜੀਤ ਸਿੰਘ (ਰਿਟਾ.) ਐਕਸਾਈਜ਼ ਕਮਿਸ਼ਨਰ 13 ਜੂਨ, 2024 ਨੂੰ 94 ਸਾਲ ਦੀ ਉਮਰ ਵਿੱਚ ਸਦੀਵੀ ਵਿਛੋੜਾ ਦੇ ਗਏ ਹਨ। ਆਪ ਲਗਭੱਗ 30 ਸਾਲ ਬੇਲਾ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਰਹੇ ਹਨ। ਆਪ ਦੇ ਸਹੁਰਾ ਸਾਹਿਬ ਸ. ਚਤੁਰ ਸਿੰਘ ਤਹਿਸੀਲਦਾਰ ਬੇਲਾ ਦਾ ਮੋਹਰਲੀਆਂ ਸਫ਼ਾਂ ਦਾ ਪਰਿਵਾਰ ਸੀ। ਬੀਬੀ ਜੀ ਆਪਣੇ ਪਿੱਛੇ ਤਿੰਨ ਪੁੱਤਰ ਛੱਡ ਗਏ ਹਨ ਜਿਨ੍ਹਾਂ ਵਿੱਚੋਂ ਸਭ ਤੋਂ ਵੱਡੇ ਸ. ਬਿਕਰਮਜੀਤ ਸਿੰਘ ਆਈ.ਏ.ਐਸ. ਮੁੱਖ ਮੰਤਰੀ ਪੰਜਾਬ ਦੇ ਗ੍ਰਹਿ ਸਕੱਤਰ ਰਹੇ ਹਨ ਅਤੇ ਛੋਟੇ ਕੈਪਟਨ ਐਮ.ਪੀ. ਸਿੰਘ ਫਾਰਮੇਸੀ ਕਾਲਜ ਬੇਲਾ ਦੇ ਚੇਅਰਮੈਨ ਹਨ। ਆਪ ਦਾ ਪਰਿਵਾਰ ਸੈਣੀ ਬਰਾਦਰੀ ਦਾ ਸਿਰਕੱਢ ਪਰਿਵਾਰ ਹੈ ਜਿਸ ਨੇ ਆਪਣੇ ਭਾਈਚਾਰੇ ਦੀ ਹਰ ਢੰਗ ਨਾਲ ਸੇਵਾ ਕੀਤੀ ਹੈ। ਆਪ ਦੇ ਇਸ ਸੰਸਾਰ ਤੋਂ ਜਾਣ ਨਾਲ ਸੈਣੀ ਬਰਾਦਰੀ ਨੂੰ ਨਾਪੂਰਨਯੋਗ ਘਾਟਾ ਪਿਆ ਹੈ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਆਪ ਦੇ ਅਕਾਲ ਚਲਾਣੇ 'ਤੇ ਅਫ਼ਸੋਸ ਪ੍ਰਗਟ ਕਰਦੇ ਹਨ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹਨ।

ਕਹਾਣੀ

# ਕਰਮਾਂ ਵਾਲੀ

ਮਨਜੀਤ ਸਿੰਘ ਤੰਬੜ
ਪੰਜੌੜ, ਜ਼ਿਲ੍ਹਾ ਹੁਸ਼ਿਆਰਪੁਰ



ਤਿੰਨ ਕੁੜੀਆਂ ਜੰਮਣ ਤੋਂ ਬਾਅਦ ਜਦੋਂ ਰਾਜ ਕੌਰ ਨੂੰ ਪਤਾ ਲੱਗਾ ਕਿ ਦਿਆਲੋ ਦੇ ਕੁਝ ਦਿਨ ਉਪਰ ਟੱਪ ਗਏ ਹਨ ਤਾਂ ਇਕ ਵਾਰ ਫਿਰ ਕਿਸੇ ਅਦੁੱਤੀ ਆਸ ਦੀ ਕਿਰਨ ਨਾਲ ਉਸ ਦੇ ਚੇਹਰੇ ‘ਤੇ ਰੌਣਕ ਆ ਗਈ। ਵਾਹਿਗੁਰੂ ਉਤੋਂ ਟੁੱਟਿਆ ਭਰੋਸਾ ਪਰਤ ਆਇਆ। “ਬਾਬਾ ਜੀ! ਤੇਰੇ ਘਰ ਦੇਰ ਹੈ, ਅੰਧੇਰ ਨਹੀਂ। ਹੇ ਸੱਚੇ ਪਾਤਸ਼ਾਹ ਵਾਹਿਗੁਰੂ! ਤੂੰ ਸਭਨਾਂ ਦੀਆਂ ਝੋਲੀਆਂ ਭਰਦਾਂ, ਮੇਰੇ ਪੁੱਤ ਦੇ ਪੱਲੇ ਵੀ ਆਪਣੀ ਮੇਹਰ ਦੀ ਨਜ਼ਰ ਨਾਲ ਇੱਕ ਪੁੱਤਰ ਦੀ ਦਾਤ ਬਖਸ਼ ਦੇ”, ਉਸ ਨੇ ਆਪਣੇ ਦੁਪੱਟੇ ਦੀ ਝੋਲੀ ਬਣਾ ਕੇ ਅਸਮਾਨ ਵੱਲ ਚੁੱਕੀ।

ਅਗਲੇ ਦਿਨ ਰਾਜ ਕੌਰ ਨੇ ਘਰ ਦੇ ਵੇਹੜੇ ਵਿੱਚ ਖੇਡ ਰਹੀ ਤੀਜੇ ਨੰਬਰ ਦੀ ਪੋਤੀ ਵੀਰੋ ਨੂੰ ਪਿਆਰ ਨਾਲ ਗੋਦੀ ਵਿੱਚ ਲੈਂਦਿਆਂ ਉਸ ਦੇ ਸਿਰ ‘ਤੇ ਹੱਥ ਫੇਰਿਆ, “ਆ ਮੇਰਾ ਪੁੱਤ! ਤੈਨੂੰ ਇਕ ਗੱਲ ਪੁੱਛਾਂ, ਦੱਸੇਂਗੀ?” “ਕੀ ਪੁੱਛਣਾ”? ਪੋਤੀ ਨੇ ਬੇਧਿਆਨੀ ਨਾਲ ਕਿਹਾ। “ਮੈਂਨੂੰ ਦੱਸ! ਤੁਹਾਡੇ ਕੋਠੇ ‘ਤੇ ਕਾਂ ਬੈਠਾ ਜਾਂ ਚਿੜੀ”?, ਇਹ ਗਲ਼ ਰਾਜ ਕੌਰ ਨੇ ਪਤਾ ਨਹੀਂ ਕਿੰਨਾ ਕੁ ਹੌਸਲਾ ਕਰਕੇ ਪੁੱਛੀ। ਉਸ ਨੂੰ ਪੋਤੀ ਦੇ ਮੂੰਹੋਂ ਨਿਕਲਿਆ ‘ਕਾਂ’ ਜਾਂ ‘ਚਿੜੀ’ ਵਾਲਾ ਸ਼ਬਦ ਜੱਜ ਦੇ ਸੁਣਾਏ ਉਸ ਫੈਸਲੇ ਦੇ ਸਮਾਨ ਸਨ ਜਿਸ ਵਿੱਚ ਕਿਸੇ ਨੂੰ ਉਮਰ ਕੈਦ ਜਾਂ ਸਾਫ਼ ਬਰੀ ਕਰਨਾ ਹੋਵੇ। ਉਸ ਦਾ ਆਪਣਾ ਵਿਸ਼ਵਾਸ ਸੀ ਕਿ ਬੱਚੇ ਰੱਬ ਦਾ ਰੂਪ ਹੁੰਦੇ ਹਨ। ਉਹ ਜੋ ਮਨ ਆਇਆ ਕਹਿ ਦਿੰਦੇ ਹਨ ਜੋ ਸੱਚ ਹੀ ਹੁੰਦਾ ਹੈ।

ਵੀਰੋ ਨੇ ਅੱਖਾਂ ਬੰਦ ਕਰਕੇ ਸੱਜੇ ਹੱਥ ਦੀ ਉਂਗਲੀ ਨੂੰ ਬੁੱਲ੍ਹਾਂ ਉਤੇ ਰੱਖ ਕੇ ਜੋਤਸ਼ੀ ਵਾਂਗ ਆਖ ਦਿੱਤਾ, “ਉਂਅ..ਆਂ,”ਚਿੜੀ”। ਚਿੜੀ, ਦਾ ਨਾ ਸੁਣ ਕੇ ਦਾਦੀ ਦਾ ਸਰੀਰ ਕੰਬ ਗਿਆ। ਉਸ ਨੇ ਝੱਟ ਵੀਰੋ ਨੂੰ ਆਪਣੀ ਗੋਦੀ ‘ਚੋਂ ਬਾਹਰ ਧੱਕਦੀ ਨੇ ਕਿਹਾ, “ਨਖਾਸਮੀ ਨਾ ਹੋਵੇ ਤਾਂ, ਮੂੰਹੋਂ ਚੰਗਾ ਵੀ ਬੋਲ ਲਿਆ ਕਰ ਕਦੀ। ਜਦੋਂ ਬੋਲੂ ਉਲਟਾ ਈ ਬੋਲੂ। ਚਲ ਪਰ੍ਹਾਂ ਮਰ ਜਾ ਕੇ”। ਵੀਰੋ ਡੁੱਸਕਣ ਲਗ ਪਈ। ਉਸ ਨੂੰ ਪਤਾ ਨਾ ਲੱਗੇ ਕਿ ਉਸ ਨੇ ਦਾਦੀ ਨੂੰ ਕੀ ਗਲਤ ਆਖ ਦਿੱਤਾ ਹੈ।

ਰਾਜ ਕੌਰ ਨੇ ਵੀਰੋ ਨੂੰ ਛੱਡ ਕੇ ਬਿੰਦੋ ਨੂੰ ਫੜ ਲਿਆ, “ਬਿੰਦੋ ਤੂੰ ਪੁੱਤ ਦਸ, ਤੈਨੂੰ ਆਪਣੇ ਬਨੇਰੇ ‘ਤੇ ਕਾਂ ਬੈਠਾ ਚੰਗਾ ਲਗਦਾਂ ਜਾਂ ਚਿੜੀ?” ਅੱਜ ਰਾਜ ਕੌਰ ਪੋਤੇ ਦੀ ਆਮਦ ਵਾਰੇ ਇਕ ਤੋਂ ਨਾ ਸਹੀ ਦੂਸਰੀ ਕੋਲੋਂ ਈ ਖੁਸ਼ਖਬਰੀ ਲੈ ਕੇ ਜਾਣਾ ਚਾਹੁੰਦੀ ਸੀ। ਚਾਹੇ ਚਾਰ ਕੁ ਸਾਲ ਦੀ ਬਿੰਦੋ ਨੂੰ ਵੀ ਕਾਂ ਚਿੜੀ ਦੇ ਫਰਕ ਦਾ ਨਹੀ ਸੀ ਪਤਾ। ਪਰ ਦੋ ਕੁ ਸਾਲ ਪਹਿਲਾਂ ਦਾਦੀ ਨੇ ਸਮਝਾਇਆ ਸੀ ਕਿ ਜੇ ਛੋਟੇ ਬੱਚੇ ਆਪਣੇ ਕੋਠੇ ‘ਤੇ ਕਾਂ ਆਖਣ ਤਾਂ ਰੱਬ ਉਹਨਾਂ ਦੇ ਘਰ ਛੋਟੇ ਜੇਹੇ ਵੀਰੇ ਨੂੰ ਭੇਜਦਾ ਹੈ। ਭੋਲੀ ਬਿੰਦੋ ਨੇ ਆਖ ਦਿੱਤਾ, “ਦਾਦੀ ਸੱਚੀ ਦੱਸਾਂ, ਸੋਹਣੀ ਤਾਂ ਮੈਨੂੰ ਵੀ ਚਿੜੀ ਲਗਦੀ ਆ, ਤੂੰ ਕਿਹਾ ਸੀ ਨਾ ਕਾਂ ਕਹੀਂਦਾ ਹੁੰਦਾ ਤਾਂ ਕਾਂ ਈ ਹੋਊ ਚੰਗਾ”। ਦੂਜੀ ਦਾ ਵੀ ਜਵਾਬ ਅਧੂਰਾ ਸੀ। ਡੁਸਕਦੀ ਵੀਰੋ ਨੇ ਇਸ ਵਿੱਚ ਆਪਣੀ ਜਿੱਤ ਸਮਝੀ। ਆਪਣੇ ਲੱਕ ਨੂੰ ਮਜਬੂਤੀ ਨਾਲ ਫੜ ਕੇ ਟੇਢਾ ਜੇਹਾ ਕਰਕੇ ਬੋਲੀ, “ਦੇਖਿਆ ਏਨੇ ਵੀ ਤਾਂ ਚਿੜੀ ਕਿਹਾ। ਜਦ ਸਾਨੂੰ ਕਾਂ ਨਹੀਂ ਪਸੰਦ ਤਾਂ ਨਹੀਂ ਪਸੰਦ। ਆਹੋ ਜੀ ਨਾਲੇ ਕਾਂ ਤਾਂ ਗੰਦਾ ਜੇਹਾ ਹੁੰਦਾ। ਚਿੜੀ ਕਿੰਨੀ ਸੋਹਣੀ ਜੇਹੀ ਹੁੰਦੀ ਆ। ਨਿੱਕੀ ਜੇਹੀ। ਕੁਕੜੂ ਮੁੱਕੜੂ ਜੇਹੀ। ਐਦਾਂ ਨਚਦੀ ਹੁੰਦੀ ਆ”, ਵੀਰੋ ਟੇਢੀ ਜੇਹੀ ਹੋ ਕੇ ਨੱਚਣ ਲੱਗੀ। ਦਾਦੀ ਨੇ ਆਪਣਾ ਹੱਥ ਵੀਰੋ ਦੇ ਪੱਲੇ ਤੇ ਮਾਰਦੀ ਨੇ ਕਿਹਾ,”ਬਾਂਦਰੀਏ ਤੇਰੀ ਕੱਛੀ ਕਿੱਥੇ ਆ। ਚੱਲ ਜਾ ਕੇ ਕੱਛੀ ਪਾ”।

ਦਾਦੀ, ਪੋਤੀਆਂ ਦੇ ਜਵਾਬ ਤੋਂ ਡਰ ਗਈ। ਉਸ ਨੂੰ ਲੱਗਾ ਜਿਵੇਂ ਰਾਤ ਦੇ ਚੱਲੇ ਝੱਖੜ ਦੀ ਗਰਦ ਹਾਲੇ ਬੈਠਣ ਦਾ ਨਾ ਨੀ ਲੈਂਦੀ। ਉਸ ਦੇ ਮਨ ਦਾ ਭਾਰ ਹਲਕਾ ਨਾ ਹੋਇਆ। ਬਾਹਰ ਨਿਕਲ ਕੇ ਉਸ ਨੇ ਉੱਪਰ ਅਸਮਾਨ ਵੱਲ ਦੇਖਿਆ। ਕੁੱਝ ਚਿਰ ਪਹਿਲਾਂ ਪੂਰਬ ਵਲੋਂ ਉੱਠੇ ਬੱਦਲਾਂ ਨੂੰ ਹਵਾ ਜਬਰੀ ਧੱਕੀ ਕਿਸੇ ਹੋਰ ਜਗ੍ਹਾ ਲੈ ਗਈ ਸੀ। “ਅੱਛਾ ਉੱਪਰ ਆਲਿਆ ਜਿੱਥੇ ਤੂੰ ਰੱਖਣਾ ਓਥੇ ਈ ਰਹਿਣਾ ਪੈਣਾ, ਜਿਮੇ ਤੇਰੀ ਮਰਜ਼ੀ,”। ਉਸ ਨੇ ਨਿਰਾਸ਼ਾ ਭਰਿਆ ਹਉਕਾ ਲਿਆ।

ਦਿਨ ਬੀਤਦੇ ਗਏ। ਦਿਨ ਬੀਤਦਿਆਂ ਨੂੰ ਕਿਹੜਾ ਸਮਾਂ ਲਗਦਾ। ਦਿਆਲੋ ਦੇ ਚੌਥੇ ਜਣੇਪੇ ਦਾ ਸਮਾ ਆ ਗਿਆ। ਭਗਤ ਸਿੰਘ ਵੇਹੜੇ ਦੇ ਸੱਜੇ ਨੁਕਰੇ ਬਣੇ ਕਾਨਿਆਂ ਦੇ ਛੱਪਰੇ ਥੱਲੇ ਟੁੱਟੇ ਬਾਣ ਦੀ ਮੰਜੀ ਡਾਹ ਕੇ ਲੰਮਾ ਪੈ ਗਿਆ। ਮੰਜੀ ਦੇ ਬਾਣ ਦੀਆਂ ਬਹੁਤੀਆਂ ਰੱਸੀਆਂ ਥਲ਼ੇ ਲਮਕ ਰਹੀਆਂ ਸਨ ਜਿਨ੍ਹਾ ਨੂੰ ਮੱਝ ਦਾ ਕਟਰੂ ਚਪਲ ਚਪਲ ਕਰਦਾ ਮੂੰਹ ਦੀ ਚਿੱਟੀ ਝੱਗ ਨਾਲ ਲਬੇੜ ਕੇ ਇਕ ਨੂੰ ਮੂੰਹ ਵਿੱਚੋਂ ਕੱਢਦਾ ਤੇ ਦੂਸਰੀ ਨੂੰ ਆਪਣੀ ਛੋਟੀ ਜੇਹੀ ਜੀਭ ਦੇ ਲਿਪੇਟੇ ਨਾਲ ਮੂੰਹ ਵਿੱਚ ਪਾ ਲੈਂਦਾ। ਕਦੀ ਕਦੀ ਕਟਰੂ ਰੱਸੀਆਂ ਨੂੰ ਚੂਸਦਾ, ਆਪਣੇ ਸਿਰ ਦੀ ਧੁਸ ਏਨੀ ਜੋਰ ਨਾਲ ਮਾਰਦਾ ਕਿ ਭਗਤ ਸਿੰਘ ਦੀ ਪਿੱਠ ਨੂੰ ਉੱਪਰ ਉਲਾਰ ਦਿੰਦਾ। ਵੀਰੋ ਤੇ ਬਿੰਦੋ ਭਗਤ ਸਿੰਘ ਦੇ ਢਿੱਡ ਤੇ ਬੈਠੀਆਂ ‘ਕਾਂ ਉੱਡ, ਚਿੱੜੀ ਉੱਡ’ ਖੇਡ ਰਹੀਆਂ ਸਨ।

ਸਵੇਰ ਦਾ ਦਿਆਲ ਕੌਰ ਦਾ ਮੰਜਾ ਰਸੋਈ ਦੇ ਨਾਲ ਦੀ ਮੱਝ ਵਾਲੀ ਕੋਠੜੀ ਵਿੱਚ ਡਾਹਿਆ ਹੋਇਆ ਸੀ। ਪਿਛਲੇ ਹਫਤੇ ਇੱਥੇ ਹੀ ਸੂਈ ਮੱਝ ਨੇ ਬਹੁਤ ਸੋਹਣਾ ਪੰਜ ਕਲਿਆਣਾ ਕੱਟਾ ਦਿੱਤਾ ਸੀ। ਰਾਜ ਕੌਰ ਲਈ ਇਹ ਚੰਗਾ ਸ਼ਗਨ ਸੀ। ਖੌਰੇ ਇਸੇ ਕਮਰੇ ਨੂੰ ਭਾਗ ਲੱਗਣੇ ਹੋਣ। ਉਸ ਨੇ ਗੋਟੇ ਦੀ ਗਿਆਰੀ ਉੱਤੇ ਬਾਬਾ ਵਡਭਾਗ ਸਿੰਘ ਦੇ ਡੇਰੇ ਤੋਂ ਲਿਆਂਦਾ ਗੁੱਗਲ ਦਾ ਧੂਫ ਪਾ ਕੇ ਦਿਆਲੋ ਦੇ ਮੰਜੇ ਦੇ ਚਾਰੇ ਪਾਸੇ ਅਤੇ ਕਮਰੇ ਦੀਆਂ ਚਾਰੇ ਨੁੱਕਰਾਂ ਵਿੱਚ ਘੁਮਾਇਆ। ਧੂਫ ਦੇ ਧੂੰਏਂ

ਨੂੰ ਦੋਨਾਂ ਹੱਥਾਂ ਦੇ ਬੁੱਕ ਨਾਲ ਭਰ ਕੇ ਆਪਣੇ ਮੂੰਹ ਤੇ ਫੇਰਿਆ, "ਬਾਬਾ ਜੀ ਇਸ ਵਾਰੀ ਤੁਸੀਂ ਹੀ ਕ੍ਰਿਪਾ ਕਰਨੀ"। ਰਾਜ ਕੌਰ ਨੇ ਦਿਆਲੋ ਦੇ ਪਿਛਲੇ ਜਣੇਪੇ ਸਮੇਂ ਰੱਖੀ ਬਾਬਾ ਬਾਲਕ ਨਾਥ ਦੀ ਫੋਟੋ ਇੱਥੋਂ ਹਟਾ ਦਿੱਤੀ ਸੀ।

ਇਸ ਵਾਰ ਫਿਰ ਕੁੜੀ ਨੇ ਜਨਮ ਲੈ ਲਿਆ। ਰਾਜ ਕੌਰ ਦਾ ਮਨ ਕੀਤਾ ਉਹ ਨਵਜਨਮੀ ਬੱਚੀ ਦਾ ਗਲ਼ਾ ਘੁੱਟ ਦੇਵੇ ਜਾਂ ਚੁੱਕ ਕੇ ਕਿਤੇ ਛੱਪੜ ਟੋਭੇ 'ਚ ਸੁੱਟ ਆਵੇ।

ਲ਼ੇਟੇ ਹੋਏ ਭਗਤ ਸਿੰਘ ਨੇ ਇੰਦੀ ਦਾਈ ਵੱਲ ਦੇਖਿਆ,"ਕਿਵੇਂ ਚਾਚੀ......"? "ਭਗਤ ਸਿੰਆਂ ਤੇਰੇ ਕਰਮ ਬਹੁਤ ਹਲਕੇ ਆ। ਚੌਥਾ ਜੀਅ ਵੀ ਕੁੜੀ ਆ"। ਸੁਣ ਕੇ ਭਗਤ ਸਿੰਘ ਦੀ ਮੰਜੇ ਤੋਂ ਉੱਠਣ ਦੀ ਹਿੰਮਤ ਨਾ ਰਹੀ। ਖੇਡਦੀਆਂ ਵੀਰੋ ਤੇ ਬਿੰਦੋ ਦਾ ਕਾਂ ਉਡ ਗਿਆ। ਚਿੱੜੀ ਵਾਲਾ ਹੱਥ ਭਗਤ ਸਿੰਘ ਦੇ ਪੇਟ 'ਤੇ ਚਿਪਕ ਗਿਆ। ਮੰਜੀ ਦੇ ਬਾਣ ਦੀਆਂ ਸਾਰੀਆਂ ਰੱਸੀਆਂ ਇੱਕੋ ਸਮੇਂ ਟੁੱਟ ਗਈਆਂ ਤੇ ਭਗਤ ਸਿੰਘ ਦਾ ਲੱਕ ਜ਼ਮੀਨ 'ਤੇ ਜਾ ਲੱਗਾ। ਕੱਟੇ ਦੀਆਂ ਚੱਬੀਆਂ ਰੱਸੀਆਂ ਸੂਲਾਂ ਬਣ ਕੇ ਉਸ ਦੀਆਂ ਵੱਖੀਆਂ ਵਿੱਚ ਚੁੱਭ ਗਈਆਂ। ਉਸ ਦਾ ਖੂਨ ਠੰਡਾ ਹੋਣ ਲੱਗਾ। ਬੁੱਲ੍ਹਾਂ ਉੱਤੇ ਖੁਸ਼ਕ ਪੇਪੜੀ ਆ ਗਈ। ਉਸ ਦੀ ਇਹ ਹਾਲਤ ਦੇਖ ਕੇ ਇੰਦੀ ਦਾਈ ਨੇ ਹੌਸਲਾ ਦਿੱਤਾ, "ਭਗਤ ਸਿੰਹਾਂ! ਤੂੰ ਚਿੰਤਾ ਨਾ ਕਰ। ਸਾਰੇ ਜੀਅ ਆਪਣੇ ਕਰਮ ਨਾਲ ਲੈ ਕੇ ਆਉਂਦੇ ਆ। ਵਾਖਰੂ ਰਾਜੀ ਰੱਖੇ ਮਾਂ-ਧੀ ਨੂੰ। ਪਤਾ ਨੀ ਕੇੜ੍ਹੇ ਜੀਅ ਦੇ ਭਾਗ ਤੈਨੂੰ ਤਾਰ ਦੇਣ"।

ਘਰ ਵਿੱਚ ਮਾਤਮ ਵਾਲਾ ਮਾਹੌਲ ਸੀ। ਭਗਤ ਸਿੰਘ ਚੁੱਪ-ਚਾਪ ਉੱਠਿਆ ਅਤੇ ਡੱਬੀਆਂ ਦੇ ਪਰਨੇ ਦੇ ਦੋ ਲਪੇਟੇ ਮਾਰ ਕੇ ਗੁਰਦੁਆਰੇ ਵੱਲ ਚਲ ਪਿਆ। ਪਰਨੇ ਦੇ ਲੜਾਂ ਵਿੱਚੋਂ ਝਾਕਦੇ ਭਗਤ ਸਿੰਘ ਦੇ ਵਾਲ ਉਸ ਦੀ ਮਾਨਸਿਕ ਹਾਲਤ ਨੂੰ ਦਰਸਾ ਰਹੇ ਸਨ। ਅੰਦਰ ਪਈ ਦਿਆਲੋ ਦੀਆਂ ਸਾਰੀਆਂ ਆਸਾਂ 'ਤੇ ਇਕ ਵਾਰ ਫਿਰ ਪਾਣੀ ਫਿਰ ਗਿਆ। ਉਸ ਦੀ ਕਿਸੇ ਨੇ ਵੀ ਖਬਰ ਨਾ ਲਈ। ਸੱਸ ਰਾਜ ਕੌਰ, ਕਈ ਦਿਨਾਂ ਤੱਕ ਉਸ ਦੇ ਮੱਥੇ ਨਾ ਲੱਗੀ। ਉਹ ਭੁੱਲ ਗਈ ਕਿ ਉਸ ਦੇ ਵੀ ਇੱਕ ਪੁੱਤ ਤੋਂ ਬਾਅਦ ਪੰਜ ਧੀਆਂ ਨੇ ਜਨਮ ਲਿਆ ਸੀ। ਇਸ ਵਿੱਚ ਔਰਤ ਦਾ ਕੀ ਕਸੂਰ।

ਦਿਆਲੋ ਨਾਲ ਤਾਂ ਹਰ ਜਣੇਪੇ ਤੋਂ ਮਗਰੋਂ ਏਹੋ ਜਿਹਾ ਹੀ ਵਰਤਾਵ ਹੁੰਦਾ ਸੀ। ਮੰਜੇ 'ਤੇ ਪਈ ਨਿੱਕੀ ਜੇਹੀ ਜਾਨ ਵੱਲ ਦੇਖ ਕੇ ਦਿਆਲੋ ਦੇ ਦੁੱਖੀ ਹਿਰਦੇ 'ਚੋਂ ਰੱਬ ਅੱਗੇ ਫਰਿਆਦ ਨਿਕਲੀ, "ਰੱਬਾ! ਚੁੱਕ ਲਾ ਏਸ ਨਿਕਰਮਣ ਕੀੜੇ ਨੂੰ। ਕੀ ਥੁੜਿਆ ਪਿਆ ਜਹਾਨ 'ਚ ਏਦੇ ਬਿਨਾਂ। ਏਹ ਮਨੂਰਾਂ ਦੀ ਚੌਗੜ ਪੱਥ ਪੱਥ ਕੇ ਭੇਜੀ ਜਾਂਦਾਂ ਮੇਰੇ ਲਈ। ਕਾਹਨੂੰ ਵਾਰ ਵਾਰ ਜਲੀਲ਼ ਕਰੀ ਜਾਂਦਾਂ ਮੈਨੂੰ? ਮੇਰੀ ਤੇਰੇ ਅੱਗੇ ਹੱਥ ਬੰਨ੍ਹ ਕੇ ਬੇਨਤੀ ਹੈ, ਜੇ ਤੂੰ ਮੈਨੂੰ ਜੀਂਦੀ ਰੱਖਣਾ ਤਾਂ ਅੱਗੋਂ ਪੁੱਤਰ ਦੀ ਦਾਤ ਬਖਸ਼ ਦੇਈਂ। ਹੁਣ ਹੋਰ ਜਣੇਪਾ ਕਰਨ ਦੀ ਜਾਨ ਨੀ ਰਹੀ ਮੇਰੇ 'ਚ"। ਇਸ ਆਸ਼ੇ ਨਾਲ ਨਵੀਂ ਜਨਮੀ ਕੁੜੀ ਦਾ ਨਾਂ ਵੀ 'ਰੱਜੀ' ਰੱਖਿਆ ਗਿਆ।

ਭਗਤ ਸਿੰਘ ਨੇ ਟੁੱਟੇ ਦਿਲ ਨਾਲ ਗੁਰਦੁਆਰੇ ਹੱਥ ਬੰਨ੍ਹ ਬੇਨਤੀ ਕੀਤੀ, "ਹੇ ਵਾਹਿਗੁਰੂ! ਸੰਸਾਰ ਨਾਲ ਸਾਂਝ ਪੁੱਤਰਾਂ ਨਾਲ ਈ ਪੈਂਦੀ ਆ ਤਾਂ ਮੇਰੇ ਕੋਲੋਂ ਕੀ ਗੁਨਾਹ ਹੋਇਆ ਹੈ? ਮੇਰੀ ਵੀ ਇਸ ਸੰਸਾਰ ਨਾਲ ਗੰਢ ਜੋੜ ਦੇਵੋ "।

ਉਸ ਦੀਆਂ ਉਹ ਈ ਜਾਣੇ। ਨਿਮਾਣੇ ਬਣ ਕੇ ਸੱਚੇ ਦਿਲੋਂ ਕੀਤੀ ਅਰਦਾਸ ਪ੍ਰਵਾਨ ਹੋਈ। ਦੋ ਕੁ ਸਾਲ ਬਾਦ ਇਸੇ ਘਰ ਵਿੱਚ ਮੁੰਡੇ ਨੇ ਕਿਲਕਾਰੀ ਮਾਰੀ। ਘਰ ਵਿੱਚ ਖੁਸ਼ੀ ਦਾ ਕੋਈ ਅੰਤ ਨਾ ਰਿਹਾ। ਦਿਆਲੋ ਕੁਲੱਖਣੀ ਤੋਂ ਸੁਲੱਖਣੀ ਬਣ ਗਈ। ਰੱਜੀ, ਜਿਹੜੀ ਪਹਿਲਾਂ ਨਕਰਮਣ ਸੀ, ਕਰਮਾਂ ਵਾਲੀ ਬਣ ਗਈ। ਸਾਰੇ ਆਖਣ ਲੱਗੇ ਏਹ ਕਰਮਾਂ ਵਾਲੀ ਹੈ ਜੋ ਆਪਣੇ ਵੀਰੇ ਨੂੰ ਲੈ ਕੇ ਆਈ ਹੈ।

❋ ❋ ❋ ❋ ❋



ਕਵਿਤਾ

## ਜੀਵਨ ਬੋਧ

**ਪ੍ਰਿਤਪਾਲ ਸਿੰਘ ਜਟਾਣਾ**

ਤੂੰ ਕੁੱਝ ਮੇਰੇ ਵਾਂਗ ਬਦਲ ਜਾਹ,
ਮੈਂ ਵੀ ਕੁੱਝ ਤੇਰੇ ਵਾਂਗ ਬਦਲ ਜਾਵਾਂਗਾ,
ਆ, ਆਪਾਂ ਹੁਣ ਜੀਣਾ ਸ਼ੁਰੂ ਕਰੀਏ,
ਨਹੀਂ ਤਾਂ ਆਪਣੀ ਆਪਣੀ ਅੱਗ 'ਚ ਹੀ,
ਸੜ ਬਲ ਕੇ ਮਰ ਜਾਵਾਂਗੇ,
ਐਵੇਂ ਹੀ ਆਪਣੇ ਜਗਦੇ ਦੀਪ ਬੁਝਾਵਾਂਗੇ।
ਸਦਾ ਦਿਲੇ ਦੀ ਗੱਲ ਹੀ ਪੁੱਛਦਾ ਰਹਿੰਦਾ ਏਂ,
ਐਵੇਂ ਕਸਮਾਂ ਜੇਹੀਆਂ ਪਾ ਕੇ ਰੁੱਸਦਾ ਰਹਿੰਦਾ ਏਂ,
ਪਰ, ਦਿਲ ਦੇ ਸੱਲ੍ਹ ਦੇ ਖ਼ੌਫ਼ ਨੂੰ ਸੁਣ ਕੇ,
ਐਵੇਂ ਗ਼ਮ ਦੇ ਸਾਗਰ 'ਚ ਖੁਰ ਜਾਵੇਂਗਾ!
ਤੂੰ ਦਰਿਆ ਵਾਂਗ ਨਿਰੰਤਰ ਵਗਦਾ ਰਹਿ।
ਐਵੇਂ ਨਿੱਕੀਆਂ ਨਿੱਕੀਆਂ ਗੱਲਾਂ ਉੱਤੇ,
ਨਾ ਤੂੰ ਨੀਰ ਵਹਾਈ ਜਾਹ,
ਮੇਰੇ ਵੀ ਦੁਖਦੇ ਦਿਲ ਨੂੰ ਐਵੇਂ,
ਨਾ ਤੂੰ ਹੋਰ ਦੁਖਾਈ ਜਾਹ,
ਮੇਰੇ ਹੰਝੂਆਂ ਦਾ ਸਾਗਰ ਜੋ ਛਲਕੇ,
ਜੇ ਕੇਰੀਂ ਹੱਦਾਂ ਬੰਨੇ ਤੋੜ ਗਿਆ,
ਤੇ ਆਪਣੇ ਵਹਿਣਾਂ ਦੇ ਸੁਨਾਮੀ ਲਹਿਰਾਂ 'ਚ ਮੈਨੂੰ ਰੋੜ੍ਹ ਗਿਆ,
ਫਿਰ ਤੇਰੇ ਮੇਰੇ ਵਸ ਨਹੀਂ ਰਹਿਣਾ-
ਇੱਕ ਦੂਜੇ ਨੂੰ ਲੱਭਣਾ ਪਾਣਾ।
ਫਿਰ ਤੂੰ ਮੇਰੀਆਂ ਯਾਦਾਂ ਦਾ ਤਿਣਕਾ ਤਿਣਕਾ ਫੜ ਕੇ,
ਕਿਵੇਂ ਭਵ-ਸਾਗਰ ਨੂੰ ਪਾਰ ਕਰੇਂਗਾ!
ਆ ਆਪਾਂ ਹੁਣ ਜੀਣਾ ਸ਼ੁਰੂ ਕਰੀਏ-
ਤੂੰ ਕੁੱਝ ਮੇਰੇ ਵਾਂਗ ਬਦਲ ਜਾਹ
ਮੈਂ ਵੀ ਤੇਰੇ ਵਾਂਗ ਬਦਲ ਜਾਵਾਂਗਾ।

❋ ❋ ❋ ❋ ❋



# ਸੈਣੀ ਭਾਈਚਾਰੇ ਦਾ ਸਮਾਜ ਨੂੰ ਯੋਗਦਾਨ

(ਸਲਾਨਾ ਸੈਣੀ ਸੰਮੇਲਨ ਸਮੇਂ ਦਿੱਤਾ ਗਿਆ ਭਾਸ਼ਣ)

ਸ਼ਮਿੰਦਰ ਸਿੰਘ
ਭੱਕੂਮਾਜਰਾ

ਇਹ ਵਿਸ਼ਾ ਬਹੁਤ ਵਿਆਪਕ ਹੈ ਕਿਉਂਕਿ ਸੈਣੀ ਭਾਈਚਾਰੇ ਦਾ ਫੈਲਾਓ ਭਾਰਤ ਦੇ ਹਰ ਪ੍ਰਾਂਤ ਵਿੱਚ ਹੈ। ਇਸ ਭਾਈਚਾਰੇ ਨੇ ਵੱਖ ਵੱਖ ਨਾਵਾਂ ਹੇਠ ਨਾਮਣਾ ਖੱਟਿਆ ਹੈ। ਹੁਣ ਤਾਂ ਇਸ ਨੇ ਵਿਸ਼ਵ ਪੱਧਰ 'ਤੇ ਵਰਣਨਯੋਗ ਹਾਜ਼ਰੀ ਦਰਜ ਕਰਵਾਈ ਹੈ। ਇਸ ਲਈ ਇਸ ਵਿਆਪਕ ਵਿਸ਼ੇ ਨਾਲ ਸੀਮਿਤ ਪੰਨਿਆਂ 'ਤੇ ਇਨਸਾਫ ਕਰਨਾ ਮੁਸ਼ਕਿਲ ਹੈ। ਇੱਥੇ ਅਸੀਂ ਕੇਵਲ ਮੱਧਕਾਲੀ ਅਤੇ ਆਧੁਨਿਕ ਸਮੇਂ ਦਾ ਹੀ ਜ਼ਿਕਰ ਕਰਾਂਗੇ।

ਜਦੋਂ ਸੈਣੀ ਭਾਈਚਾਰੇ ਵਲੋਂ ਸਮਾਜ ਨੂੰ ਯੋਗਦਾਨ ਦੀ ਗੱਲ ਕਰਦੇ ਹਾਂ ਤਾਂ ਇਹ ਕਿਸੇ ਇੱਕ ਪੱਖ ਤੱਕ ਸੀਮਿਤ ਨਹੀਂ ਰਹਿ ਸਕਦਾ। ਹਰ ਖੇਤਰ ਦੀ ਆਪਣੀ ਮਹੱਤਤਾ ਹੈ। ਧਾਰਮਿਕ, ਆਰਥਿਕ, ਵਿੱਦਿਅਕ, ਸਾਹਿਤਿਕ, ਵਿਗਿਆਨਕ, ਪ੍ਰਬੰਧਕੀ, ਰਾਜਨੀਤਿਕ ਅਤੇ ਖੇਡ ਖੇਤਰ ਅੰਦਰ ਕੀਤੀਆਂ ਪ੍ਰਾਪਤੀਆਂ ਕਿਸੇ ਵੀ ਤਰ੍ਹਾਂ ਦੂਸਰੇ ਭਾਈਚਾਰਿਆਂ ਤੋਂ ਘੱਟ ਨਹੀਂ। ਵੱਖਰੀ ਅਤੇ ਨਿਆਰੀ ਪਛਾਣ ਇਹ ਹੈ ਕਿ ਇਹ ਆਪਣੀਆਂ ਪ੍ਰਾਪਤੀਆਂ ਦੇ ਸੋਹਲੇ ਗਾਉਣ ਦੇ ਆਦੀ ਨਹੀਂ।

ਸੈਣੀ ਬਰਾਦਰੀ ਦੇ ਯੋਧਿਆਂ ਦੀ ਦਾਸਤਾਂ ਮੱਧਕਾਲ ਤੋਂ ਚੱਲੀ ਆ ਰਹੀ ਹੈ। ਸਮਾਰਾਟ ਅਲਾਉਦੀਨ ਖਿਲਜੀ ਵਿਰੁੱਧ ਲੜਦਿਆਂ ਸ਼ਹੀਦੀ ਪ੍ਰਾਪਤ ਕਰਨ ਵਾਲੇ ਗੁਰਦਨ ਸੈਣੀ ਦਾ ਜ਼ਿਕਰ ਅਮੀਰ ਖੁਸਰੋ ਨੇ ਆਪਣੀ ਲਿਖਤ ਵਿੱਚ ਕੀਤਾ ਹੈ। ਧਾਰਮਿਕ ਖੇਤਰ ਵਿੱਚ ਦਿਗਵਿਜੇਈ ਪੰਡਤ ਦੀ ਉਪਾਧੀ ਪ੍ਰਾਪਤ ਭਾਈ ਨਾਨੂੰ ਜੀ ਨੇ ਗੁਰੂ ਨਾਨਕ ਸਾਹਿਬ ਅੱਗੇ ਆਪਣੀ ਵਿਦਵਤਾ ਪ੍ਰਗਟ ਕੀਤੀ ਅਤੇ ਗੁਰੂ ਦੇ ਸਿਧਾਂਤਾਂ ਦਾ ਪ੍ਰਚਾਰ ਕੀਤਾ। ਭਾਈ ਕਲਿਆਣਾ ਜੀ ਨੇ ਆਪਣੀ ਜਾਨ ਦੀ ਬਾਜੀ ਲਾ ਕੇ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਮੰਡੀ (ਹਿਮਾਚਲ ਪ੍ਰਦੇਸ਼) ਰਿਆਸਤ ਦੇ ਰਾਜਪੂਤ ਰਾਜੇ ਹਰੀ ਸੇਨ ਨੂੰ ਸਿੱਖੀ ਨਾਲ ਜੋੜਿਆ। ਉਹ ਗੁਰੂ ਹਰਗੋਬਿੰਦ ਸਾਹਿਬ ਦੀ ਕਰਤਾਰਪੁਰ ਜੰਗ ਵਿੱਚ ਸ਼ਹੀਦ ਹੋਏ। ਅਮਰ ਸ਼ਹੀਦ ਭਾਈ ਜਮਾਲਾ ਸਿੰਘ ਨਨੂੰਆਂ ਜੀ ਛੇਵੇਂ ਤੋਂ ਲੈ ਕੇ ਦਸਵੇਂ ਤੱਕ ਪੰਜ ਗੁਰੂਆਂ ਦੀ ਸੇਵਾ ਵਿੱਚ ਪ੍ਰਚਾਰਕ, ਗੁਰਮਤਿ ਵਿਦਵਾਨ, ਦਰਬਾਰੀ ਕਵੀ, ਵਿਸ਼ੇਸ਼ ਦੂਤ, ਸੈਨਿਕ ਸਲਾਹਕਾਰ ਦੇ ਰੂਪਾਂ ਵਿੱਚ ਰਹੇ ਅਤੇ ਅੰਤ ਜੰਗੀ ਸ਼ਹੀਦ ਵਜੋਂ ਸ਼ੋਹਰਤ ਹਾਸਲ ਕੀਤੀ। ਬੀਬੀ ਸ਼ਰਨ ਕੌਰ ਪਾਬਲਾ ਨੇ ਚਮਕੌਰ ਸਾਹਿਬ ਜੰਗ ਦੇ ਸ਼ਹੀਦਾਂ ਦਾ ਸਸਕਾਰ ਕਰਨ ਦੀ ਬੇਮਿਸਾਲ ਸੇਵਾ ਕਰਦਿਆਂ ਸ਼ਹਾਦਤ ਹਾਸਲ ਕੀਤੀ। ਪਿੰਡ ਕੋਟਲਾ ਨਿਹੰਗ ਦੇ ਭਾਈ ਗੁਰਸਾ ਸਿੰਘ ਗਹੂਣੀਆਂ ਨੇ ਸ਼ਹੀਦ ਭਾਈ ਬਚਿੱਤਰ ਸਿੰਘ ਜੀ ਦਾ ਅੰਤਿਮ ਸਸਕਾਰ ਕਰ ਕੇ ਜਸ ਪ੍ਰਾਪਤ ਕੀਤਾ। ਨਵਾਬੀ ਨੂੰ ਠੋਕਰ ਮਾਰਨ ਵਾਲੇ ਪੰਥ ਦੇ ਦੀਵਾਨ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀਵਾਨ ਦਰਬਾਰਾ ਸਿੰਘ ਕਾਹਲਵਾਂ ਵਿਖੇ ਸ਼ਹੀਦ ਹੋਏ। ਪਟਿਆਲਾ ਰਾਜ ਘਰਾਣੇ ਦੇ ਜਰਨੈਲ ਨਾਨੂੰ ਸਿੰਘ ਸੈਣੀ ਜਿਨ੍ਹਾਂ ਨੇ ਬਾਬਾ ਆਲਾ ਸਿੰਘ ਨੂੰ ਸੁਨਾਮ ਦੀ ਜੇਲ੍ਹ ਵਿੱਚੋਂ ਛੁਡਵਾਇਆ ਅਤੇ ਫਿਰ ਮਹਾਰਾਜਾ ਕਰਮ ਸਿੰਘ ਦੇ ਵਜ਼ੀਰ ਬਣੇ।

ਉੱਨੀਵੀਂ ਸਦੀ ਦੇ ਮਹਾਂਨਾਇਕ, ਸਮਾਜਿਕ ਕ੍ਰਾਤੀ ਦੇ ਨਾਇਕ, ਗਰੀਬ ਵਰਗਾਂ ਦੇ ਰਾਖਵਾਂਕਰਨ ਦਾ ਆਰੰਭ ਕਰਵਾਉਣ ਵਾਲੇ ਅਤੇ ਔਰਤਾਂ ਦੀ ਸਿੱਖਿਆ ਦੇ ਆਲੰਬਰਦਾਰ ਜੋਤੀਬਾ ਰਾਓ ਫੂਲੇ ਜੀ ਭਾਰਤੀ ਸੰਵਿਧਾਨ ਦੇ ਨਿਰਮਾਤਾ ਬੀ.ਆਰ. ਅੰਬੇਦਕਰ ਦੇ ਪ੍ਰੇਰਨਾਸਰੋਤ ਸਨ। ਉਨ੍ਹਾਂ ਦੀ ਧਰਮ ਪਤਨੀ ਸਵਿੱਤਰੀ ਬਾਈ ਫੂਲੇ 1848 ਵਿੱਚ ਭਾਰਤ ਦੀ ਪਹਿਲੀ ਔਰਤ ਅਧਿਆਪਕ ਅਤੇ ਮਹਾਨ ਸਮਾਜ ਸੁਧਾਰਕ ਸੀ। ਰਾਜਨੀਤੀ ਦੇ ਖੇਤਰ ਵਿੱਚ ਸ਼੍ਰੀ ਅਸ਼ੋਕ ਗਹਿਲੋਤ ਰਾਜਸਥਾਨ ਦੇ ਮੁੱਖ ਮੰਤਰੀ, ਸ਼੍ਰੀ ਨਾਇਬ ਸਿੰਘ ਸੈਣੀ ਹਰਿਆਣਾ ਦੇ ਮੁੱਖ ਮੰਤਰੀ, ਛਗਨ ਭੁਜਬਲ ਮਹਾਂਰਾਸ਼ਟਰ ਦੇ ਅਤੇ ਕੇਸ਼ਵ ਮੋਰੀਆ ਉੱਤਰ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਬਣੇ। ਪੰਜਾਬ ਵਿੱਚ ਸ. ਦਿਲਬਾਗ ਸਿੰਘ ਨਵਾਂਸ਼ਹਿਰ ਸਹਿਕਾਰਤਾ ਮੰਤਰੀ ਰਹੇ, ਸ. ਤਾਰਾ ਸਿੰਘ ਲਾਡਲ ਰਾਜ ਸਿੱਖਿਆ ਮੰਤਰੀ ਅਤੇ ਹੁਣ ਡਾ. ਬਲਬੀਰ ਸਿੰਘ ਸਿਹਤ ਮੰਤਰੀ ਤੇ ਸ. ਹਰਦੀਪ ਸਿੰਘ ਮੁੰਡੀਆਂ ਸਾਹਨੇਵਾਲ ਤੋਂ ਐਮ. ਐਲ.ਏ ਹਨ। ਹੁਸ਼ਿਆਰਪੁਰ ਤੋਂ ਚੌ. ਬਲਬੀਰ ਸਿੰਘ ਸੈਣੀ ਮੈਂਬਰ ਪਾਰਲੀਮੈਂਟ ਅਤੇ ਫਿਰੋਜਪੁਰ ਤੋ ਸ. ਗਿਰਧਾਰਾ ਸਿੰਘ ਤੇ ਆਨੰਦਪੁਰ ਸਾਹਿਬ ਤੋਂ ਸੰਤ ਅਜੀਤ ਸਿੰਘ ਅਤੇ ਰੋਪੜ ਤੋਂ ਸ. ਗੁਰਬਚਨ ਸਿੰਘ ਤੇ ਸੰਤ ਸਾਧੂ ਸਿੰਘ ਐਮ.ਐਲ.ਏ ਬਣੇ। ਹਰਿਆਣਾ ਵਿੱਚ ਸ. ਗੁਰਦਿਆਲ ਸਿੰਘ ਅਤੇ ਸ਼੍ਰੀ ਰਾਜ ਕੁਮਾਰ ਸੈਣੀ ਮੈਂਬਰ ਪਾਰਲੀਮੈਂਟ ਅਤੇ ਹਿਮਾਚਲ ਪ੍ਰਦੇਸ਼ ਵਿੱਚ ਹਰੀ ਨਾਰਾਇਣ ਸਿੰਘ ਮੰਤਰੀ ਬਣੇ।

ਭਾਰਤ ਦੀ ਆਜ਼ਾਦੀ ਦੇ ਸੰਗ੍ਰਾਮ ਸਮੇਂ ਆਜ਼ਾਦ ਹਿੰਦ ਫੌਜ ਵਿੱਚ ਸ. ਹਜ਼ਾਰਾ ਸਿੰਘ ਜਾਂਗਣੀਆਲ (ਹੁਸ਼ਿਆਰਪੁਰ) ਨੇ ਸ਼ਹੀਦੀ ਹਾਸਲ ਕੀਤੀ, ਮਹਾਂ ਸਿੰਘ ਗਹੂਣੀਆਂ ਨੇ ਫਿਲਪੀਨਜ਼ ਵਿੱਚ ਆਪਣੀ ਸਾਰੀ ਜਾਇਦਾਦ ਆਜ਼ਾਦ ਹਿੰਦ ਫੌਜ ਲਈ ਦੇ ਦਿੱਤੀ ਅਤੇ ਉੱਘੇ ਪੱਤਰਕਾਰ ਅਜੀਤ ਸੈਣੀ ਇਸ ਫੌਜ ਦੇ ਮੁੱਖ ਬੁਲਾਰੇ ਬਣੇ। ਮਈਆ ਸਿੰਘ ਸੈਣੀ ਨੇ 1849 ਵਿੱਚ, ਸੈਨਾਪਤੀ ਗੁਲਾਬ ਸਿੰਘ ਸੈਣੀ ਨੇ 1857 ਵਿੱਚ, ਕੂਕਾ ਅੰਦੋਲਨ ਵਿੱਚ ਯੋਗਰਾਜ ਸਿੰਘ ਸੈਣੀ, ਗਦਰ ਪਾਰਟੀ ਵਿੱਚ ਹਰਨਾਮ ਸਿੰਘ ਸੈਣੀ (ਨਾਮਾ), ਨਨਕਾਣਾ ਸਹਿਬ ਅੰਦੋਲਨ ਵਿੱਚ ਬੇਲਾ ਸਿੰਘ ਸੈਣੀ, ਜੈਤੋ ਦੇ ਮੋਰਚੇ ਵਿੱਚ ਹਰਨਾਮ ਸਿੰਘ, ਦਸੌਂਧਾ ਸਿੰਘ ਅਤੇ ਕੇਹਰ ਸਿੰਘ ਸੈਣੀ ਨੇ ਸੰਘਰਸ਼ ਕਰਦਿਆਂ ਸ਼ਹਾਦਤਾਂ ਪਾਈਆਂ। ਬੱਬਰ ਅਕਾਲੀ ਲਹਿਰ ਵਿੱਚ ਪੰਡੋਰੀ ਗੰਗਾ ਸਿੰਘ (ਹੁਸ਼ਿਆਰਪੁਰ) ਦੇ ਮਹਿੰਦਰ ਸਿੰਘ ਬਡਵਾਲ ਅਤੇ ਭਾਈ ਚਿੰਤਾ ਸਿੰਘ ਨੇ

ਕੁਰਬਾਨੀਆਂ ਦਿੱਤੀਆਂ। ਪਿੰਡ ਜਟਾਣਾ ਦੇ ਮਹਿੰਦਰ ਸਿੰਘ ਬੋਲ਼ਾ ਅਤੇ ਭੱਕੂ ਮਾਜਰਾ ਦੇ ਪਿਆਰਾ ਸਿੰਘ ਨਨੂਆਂ ਨੇ ਆਜ਼ਾਦੀ ਸੰਗਰਸ਼ ਦੌਰਾਨ ਕਾਲੇ ਪਾਣੀ ਦੀ ਸਜ਼ਾ ਭੁਗਤੀ।

ਵੀਹਵੀਂ ਸਦੀ ਵਿੱਚ ਗਿਆਨੀ ਸਾਧੂ ਸਿੰਘ ਭੌਰਾ ਜਥੇਦਾਰ ਅਕਾਲ ਤਖਤ ਨੇ ਹਾਪੜ ਅਲੀਗੜ੍ਹ ਸਿੱਖ ਮਿਸ਼ਨ ਦੇ ਮੁਖੀ ਹੁੰਦਿਆਂ ਪੰਜ ਲੱਖ ਤੋਂ ਵੱਧ ਵਣਜਾਰੇ ਅਤੇ ਪਛੜੇ ਵਰਗ ਦੇ ਲੋਕਾਂ ਨੂੰ ਸਿੱਖੀ ਨਾਲ ਜੋੜਿਆ। ਲਸਾੜਾ ਜ਼ਿਲ੍ਹਾ ਜਲੰਧਰ ਦੇ ਬਾਬੂ ਲਾਭ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਦੇਸ਼ ਦੀ ਵੰਡ ਸਮੇਂ ਦੰਗਿਆਂ ਨੂੰ ਰੋਕਦਿਆਂ ਸ਼ਹੀਦੀ ਪਾਈ। ਸੰਤ ਅਜੀਤ ਸਿੰਘ ਅਕਾਲੀ ਦਲ ਦੇ ਪਾਰਲੀਮੈਂਟ ਬੋਰਡ ਦੇ ਚੇਅਰਮੈਨ ਰਹੇ, ਜਥੇਦਾਰ ਗੋਪਾਲ ਸਿੰਘ ਜੰਡੋਰੀਆ 1940-48 ਤੱਕ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੁੰਦਿਆਂ ਗੁਰਦੁਆਰਿਆਂ ਦੀ ਮਰਯਾਦਾ ਨੂੰ ਕਾਇਮ ਰੱਖਣ ਲਈ ਅੰਗ੍ਰੇਜ਼ੀ ਸਾਮਰਾਜ ਨੂੰ ਸ਼ਰੇਆਮ ਚਣੌਤੀ ਦਿੰਦੇ ਰਹੇ। ਇਸ ਖੇਤਰ ਵਿੱਚ ਅਰਦਾਸੀਏ ਗਿਆਨੀ ਜੋਗਿੰਦਰ ਸਿੰਘ ਮਹਿਤਪੁਰ ਵਾਲੇ, ਠਾਕੁਰ ਸਿੰਘ ਬੋਲ਼ਾ ਅਤੇ ਕੀਰਤਨੀਏ ਭਾਈ ਜਸਵੰਤ ਸਿੰਘ ਤੇ ਭਾਈ ਮਨਜੀਤ ਸਿੰਘ ਦਾ ਵੀ ਵਡਮੁੱਲਾ ਯੋਗਦਾਨ ਰਿਹਾ ਹੈ। ਧਾਰਮਿਕ ਪ੍ਰਬੰਧਕਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਹਿ ਚੁੱਕੇ ਐਕਟਿੰਗ ਪ੍ਰਧਾਨ ਤੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਭੌਰ ਦਾ ਵਰਣਨ ਵੀ ਮਹੱਤਵਪੂਰਨ ਹੈ। ਗੁਰਦੁਆਰਿਆਂ, ਸਕੂਲਾਂ ਅਤੇ ਹਸਪਤਾਲਾਂ ਦੀ ਉਸਾਰੀ ਵਿੱਚ ਨੌਰਾ ਪਿੰਡ ਦੇ ਸੰਤ ਸੇਵਾ ਸਿੰਘ ਤੇ ਬਾਬਾ ਲਾਭ ਸਿੰਘ ਅਤੇ ਰੋਪੜ ਦੇ ਸੰਤ ਅਵਤਾਰ ਸਿੰਘ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ।

ਸਾਹਿਤਕ ਤੇ ਪੱਤਰਕਾਰੀ ਦੇ ਖੇਤਰ ਵਿੱਚ ਸ. ਸਾਧੂ ਸਿੰਘ ਹਮਦਰਦ, ਸ. ਬਰਜਿੰਦਰ ਸਿੰਘ ਹਮਦਰਦ, ਪ੍ਰੋ.ਹਜ਼ਾਰਾ ਸਿੰਘ ਡੀ. ਲਿੱਟ, ਸ. ਰਣਜੀਤ ਸਿੰਘ ਤੰਬੜ( ਲੁਧਿਆਣਾ), ਡਾ. ਮਲਕੀਅਤ ਸਿੰਘ ਡੀ.ਐਸ.ਸੀ, ਨਾਟਕਕਾਰ ਹਰਚਰਨ ਸਿੰਘ, ਬਲਬੀਰ ਸਿੰਘ ਸੈਣੀ ਨੰਗਲ ਅਤੇ ਸ਼੍ਰੀ ਅਜੀਤ ਸੈਣੀ ਆਦਿ ਪ੍ਰਸਿੱਧ ਹਨ। ਵੀਹਵੀਂ ਸਦੀ ਵਿੱਚ ਸੈਨਿਕ ਸੇਵਾਵਾਂ ਅੰਦਰ ਸੂਬੇਦਾਰ ਜੋਗਿੰਦਰ ਸਿੰਘ ਬਹਾਦੁਰ ਖੇੜੀ ਸਲਾਬੁਤਪੁਰ ਨੇ ਵਿਕਟੋਰੀਆ ਕਰਾਸ, ਜਮਾਂਦਾਰ ਗੁਰਮੁਖ ਸਿੰਘ ਨਨੂੰਆਂ ਗਧਰਾਮ ਕਲਾਂ ਨੇ ਸੇਂਟ ਜਾਰਜ ਕਰਾਸ, ਸੂਬੇਦਾਰ ਜੋਗਿੰਦਰ ਸਿੰਘ ਨੇ ਪਰਮਵੀਰ ਚੱਕਰ ਤੋਂ ਇਲਾਵਾ ਸੈਕੜੇ ਬਹਾਦਰੀ ਦੇ ਤਮਗੇ ਸੈਣੀ ਭਾਈਚਾਰੇ ਦੇ ਸੈਨਿਕਾਂ ਨੇ ਜਿੱਤੇ ਹਨ। ਇਨ੍ਹਾਂ ਤੋਂ ਇਲਾਵਾ ਸਾਬਕਾ ਉੱਪ ਸੈਨਾ ਮੁਖੀ ਸਤਿੰਦਰ ਸੈਣੀ ਤੋਂ ਇਲਾਵਾ ਦੋ ਦਰਜਨ ਲੈਂਫਟੀਨੈਂਟ, ਸੈਂਕੜੇ ਮੇਜਰ ਜਨਰਲ, ਬ੍ਰਗੇਡੀਅਰ ਅਤੇ ਕਰਨਲ ਜਿਹੇ ਉੱਚ ਅਹੁਦਿਆਂ ਦਾ ਸ਼ਿੰਗਾਰ ਰਹੇ ਹਨ। ਰਵਨੀਤ ਸੈਣੀ ਸਾਬਕਾ ਉੱਪ ਮੁਖੀ ਜਲ ਸੈਨਾ, ਭਾਰਤ ਦੇ ਪਹਿਲੇ ਬਹਾਦਰੀ ਮੈਡਲ ਜੇਤੂ ਸ. ਕਰਤਾਰ ਸਿੰਘ ਟੌਂਕ ਕੋਟਲਾ ਨਿਹੰਗ ਸਮੇਤ ਅਨੇਕਾਂ ਹੀ ਸੈਣੀ ਏਅਰਫੋਰਸ ਅੰਦਰ ਵਿੰਗ ਕਮਾਂਡਰਾਂ ਵਜੋਂ ਸੇਵਾਵਾਂ ਨਿਭਾਉਂਦੇ ਰਹੇ ਹਨ।

ਆਈ. ਏ. ਐਸ ਸਰਕਾਰੀ ਅਧਿਕਾਰੀਆਂ ਵਿੱਚ ਚੌਧਰੀ ਦਸੌਂਧਾ ਰਾਮ, ਭੁਪਿੰਦਰ ਸਿੰਘ ਮਹਿਤਪੁਰੀ, ਬਿਕਰਮਜੀਤ ਸਿੰਘ ਬੇਲਾ, ਹਰਮੇਸ਼ ਸਿੰਘ ਪਾਬਲਾ ਤੇ ਸੰਤੋਖ ਸਿੰਘ ਨਨੂਆਂ ਤੋਂ ਇਲਾਵਾ ਵਿਭਾਗੀ ਮੁਖੀ ਜੋਗਿੰਦਰ ਸਿੰਘ ਮੁੱਖ ਫਾਇਰ ਅਫਸਰ, ਅਵਤਾਰ ਸਿੰਘ ਹੱਦ ਡਾਇਰੈਕਟਰ ਭਾਸ਼ ਵਿਭਾਗ ਪੰਜਾਬ, ਰਘੁਬੀਰ ਸਿੰਘ ਪਾਬਲਾ ਮੈਂਬਰ ਬਿਜਲੀ ਬੋਰਡ, ਸ. ਹਰਬੰਸ ਸਿੰਘ ਸੁਖਰਾਮਪੁਰ ਟੱਪਰੀਆਂ ਮੁੱਖ ਇੰਜੀਨੀਅਰ ਸਿੰਜਾਈ ਵਿਭਾਗ ਪੰਜਾਬ, ਤੇਜਪਾਲ ਸਿੰਘ ਚੀਫ ਇੰਜੀਨੀਅਰ ਪੰਚਾਇਤੀ ਵਿਭਾਗ ਪੰਜਾਬ, ਪੁਲਿਸ ਮੁਖੀ ਚੌਧਰੀ ਸਾਧੂ ਰਾਮ, ਸੁਮੇਧ ਸਿੰਘ ਸੈਣੀ, ਰਾਸ਼ਟਰਪਤੀ ਦੇ ਸੁਰੱਖਿਆ ਇੰਚਾਰਜ ਸ਼੍ਰੀ ਐਲ.ਆਰ.ਮੁੰਦਰਾ ਵਰਣਨਯੋਗ ਹਨ।

ਖੇਡ ਜਗਤ ਵਿੱਚ ਸ. ਜੋਗਿੰਦਰ ਸਿੰਘ ਸੈਣੀ ਕੋਚ ਦਰੋਣਾਚਾਰੀਆ ਐਵਾਰਡ ਜੇਤੂ, ਸ. ਮਿਲਖਾ ਸਿੰਘ ਫਗਵਾੜਾ ਕੈਪਟਨ ਭਾਰਤੀ ਫੁੱਟਬਾਲ ਟੀਮ, ਵਾਲੀਵਾਲ ਖਿਡਾਰਨ ਨਿਰਮਲ ਸੈਣੀ ਮਿਲਖਾ ਸਿੰਘ, ਹਾਕੀ ਦੀਆਂ ਓਲੰਪੀਅਨ ਰੂਪਾ ਸੈਣੀ ਤਿੰਨ ਭੇਣਾਂ, ਹਾਕੀ ਓਲੰਪੀਅਨ ਧਰਮਵੀਰ ਸਿੰਘ ਰੋਪੜ, ਸ. ਬਲਜੀਤ ਸਿੰਘ ਸੈਣੀ ਲੋਹਗੜ੍ਹ ਫਿੱਡੇ, ਐਥਲੈਟਿਕਸ ਵਿੱਚ ਮਨਜੀਤ ਕੌਰ ਸੈਣੀ, ਗੋਪਾਲ ਸੈਣੀ, ਮੋਹਨ ਸੈਣੀ, ਏਸ਼ੀਅਨ ਚੈਂਪੀਅਨ ਰਤੀ ਰਾਮ ਸੈਣੀ ਦੇ ਨਾਮ ਵਿਸ਼ਵ ਪ੍ਰਸਿੱਧ ਹਨ। ਅਮਨ ਸੈਣੀ ਵਿਸ਼ਵ ਚੈਂਪੀਅਨ ਤੀਰ ਅੰਦਾਜ਼ੀ, ਅੰਕੁਰ ਸੈਣੀ ਤਲਵਾਰਬਾਜ਼ੀ, ਨਵਦੀਪ ਸੈਣੀ ਅਤੇ ਅਨਿਲ ਸੈਣੀ ਕ੍ਰਿਕਟਰਾਂ ਨੇ ਆਪਣੇ ਆਪਣੇ ਖੇਤਰ ਵਿੱਚ ਨਾਮ ਕਮਾਇਆ ਹੈ।

ਸਫਲ ਕਾਰੋਬਾਰੀਆਂ ਵਿੱਚ ਸ. ਗੁਰਨਾਮ ਸਿੰਘ ਡੇਰਾਬਸੀ, ਤਰਸੇਮ ਸੈਣੀ ਪ੍ਰਧਾਨ ਆਲ ਇੰਡੀਆ ਰਾਈਸ ਸ਼ੈਲਰਜ਼ ਐਸੋਸੀਏਸ਼ਨ, ਰਾਜਿੰਦਰ ਸਿੰਘ ਭੱਕੂ ਮਾਜਰਾ ਟਰਾਂਸਪੋਰਟਰ, ਕਰਨੈਲ ਸਿੰਘ ਸੈਣੀ ਟਰਾਂਸਪੋਰਟਰ ਦੇ ਨਾਮ ਜ਼ਿਕਰਯੋਗ ਹਨ। ਅੰਤਰਰਾਸ਼ਟਰੀ ਪੱਧਰ 'ਤੇ ਸ਼੍ਰੀ ਹਰਗੁਰਦੀਪ ਸੈਣੀ ਕੈਨੇਡਾ ਵਿੱਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਤੇ ਅਜੈਪਾਲ ਸਿੰਘ ਬਾਂਗਾ ਵਿਸ਼ਵ ਬੈਂਕ ਦੇ ਮੁਖੀ ਅਤੇ ਸ. ਹਰਜੀਤ ਸਿੰਘ ਸੱਜਣ ਕੈਨੇਡਾ ਦੇ ਰੱਖਿਆ ਮੰਤਰੀ ਹਨ। ਇਨ੍ਹਾਂ ਹਸਤੀਆਂ ਨੇ ਆਪਣੀ ਵਿੱਦਿਅਕ ਯੋਗਤਾ, ਮਿਹਨਤ ਅਤੇ ਪ੍ਰਬੰਧਕੀ ਗੁਣਾ ਸਦਕਾ ਸੈਣੀ ਬਰਾਦਰੀ ਨੂੰ ਵਿਸ਼ਵ ਪੱਧਰ 'ਤੇ ਮਾਣ ਦੁਆਇਆ ਹੈ।

ਉਪਰੋਕਤ ਵਿਅਕਤੀਗਤ ਯੋਗਦਾਨ ਤੋਂ ਇਲਾਵਾ ਸੈਣੀ ਭਾਈਚਾਰੇ ਨੇ ਸਮਾਜ ਨੂੰ ਸਮੂਹਿਕ ਦੇਣ ਵੀ ਦਿੱਤੀ ਹੈ। ਇਸ ਨੇ ਘੱਟ ਸਾਧਨਾਂ ਦੇ ਬਾਵਜੂਦ ਸਮਾਜ ਨੂੰ ਸਵੈਮਾਣ ਨਾਲ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੱਤਾ ਹੈ। ਥੋੜ੍ਹੀਆਂ ਜ਼ਮੀਨਾਂ ਦੇ ਮਾਲਕ ਹੋਣ ਦੇ ਬਾਵਜੂਦ ਕਰਜ਼ੇ ਅਤੇ ਭੁੱਖਮਰੀ ਤੋਂ ਬਚਾਅ ਲਈ ਸੈਣੀ ਭਾਈਚਾਰੇ ਦੇ ਕਿਸਾਨਾਂ ਨੇ ਬਹੁਫਸਲੀ

ਖੇਤੀਬਾੜੀ ਦੇ ਸੰਕਲਪ ਨੂੰ ਅਪਣਾ ਕੇ ਮਿਸਾਲ ਕਾਇਮ ਕੀਤੀ ਹੈ। ਇਹ ਹੀ ਕਾਰਨ ਹੈ ਪਿਛਲੇ ਤਿੰਨ ਦਹਾਕਿਆਂ ਵਿੱਚ ਇਸ ਭਾਈਚਾਰੇ ਦੇ ਨਾਮਾਤਰ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ। ਇਨ੍ਹਾਂ ਨੇ ਆਪਣੇ ਸੀਮਿਤ ਸਾਧਨਾਂ ਨਾਲ ਪੂਰੇ ਪਰਿਵਾਰ ਨੂੰ ਖੇਤੀ ਵਿੱਚ ਸ਼ਾਮਿਲ ਕਰ ਕੇ ਸਫਲਤਾ ਨਾਲ ਖੁਸ਼ਹਾਲ ਜੀਵਨ ਬਤੀਤ ਕਰਨ ਦੀ ਜਾਚ ਸਿਖਾਈ ਹੈ। ਇਨ੍ਹਾਂ ਨੇ ਸਮਾਜ ਨੇ ਦੂਜੇ ਤਬਕੇ ਵਾਂਗ ਫੋਕੇ ਦਮਗਜ਼ੇ ਮਾਰ ਕੇ ਆਪਣਾ ਦਵਾਲਾ ਨਹੀਂ ਕੱਢਿਆ।

ਪੰਜਾਬ ਅੰਦਰ ਵਰਤਮਾਨ ਨਾਹਪੱਖੀ ਸਮਾਜਿਕ ਵਾਤਾਵਰਨ ਦਾ ਹੱਲ ਵੀ ਸੈਣੀ ਜੀਵਨ ਸ਼ੈਲੀ ਨਾਲ ਹੀ ਸੰਭਵ ਹੈ। ਇਸ ਸੰਕਟ ਦੇ ਮੂਲ ਕਾਰਨ ਇੱਥੇ ਦੀ ਭੂਗੋਲਿਕ ਸਥਿਤੀ ਮੁਤਾਬਕ ਰੋਜ਼ਗਾਰ ਦੀ ਅਣਹੋਂਦ ਹੈ। ਇਸ ਲਈ ਬਾਗਵਾਨੀ ਅਤੇ ਫੂਡ ਪਰੋਸੈਸਿੰਗ ਉਦਯੋਗ ਦੀਆਂ ਬੇਪਨਾਹ ਸੰਭਾਵਨਾਵਾਂ ਮੌਜੂਦ ਹਨ। ਪੰਜਾਬ ਵਿੱਚ ਭਾਰਤ ਸਰਕਾਰ ਜਾਂ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਇਨ੍ਹਾਂ ਖੇਤਰਾਂ ਵਿੱਚ ਇੱਕ ਲੱਖ ਤੋਂ ਵੱਧ ਰੋਜ਼ਗਾਰ ਸਿਰਫ ਇੱਕ ਸਾਲ ਵਿੱਚ ਸਿਰਜਿਆ ਜਾ ਸਕਦਾ ਹੈ। ਲੋੜ ਹੈ ਜ਼ਿੰਮੇਵਾਰ ਅਹੁਦਿਆਂ 'ਤੇ ਤਾਇਨਾਤ ਵਿਅਕਤੀਆਂ ਦੀ ਇੱਛਾ ਸ਼ਕਤੀ ਦੀ। ਅਸੀਂ ਆਪਣੇ ਸੈਣੀ ਭਾਈਚਾਰੇ ਵਲੋਂ ਸਮਾਜ ਨੂੰ ਦਿੱਤੇ ਯੋਗਦਾਨ ਲਈ ਮਾਣ ਮਹਿਸੂਸ ਕਰ ਸਕਦੇ ਹਾਂ। ਸਮਾਜ ਨੂੰ ਹਲੀਮੀ ਰਾਜ ਜਾਂ ਬੇਗਮਪੁਰਾ ਵੈਲਫੇਅਰ ਸਟੇਟ ਦੀ ਸੰਵਿਧਾਨਕ ਘਾੜਤ ਘੜਨ ਲਈ ਗਰੀਬਾਂ ਅਤੇ ਪਛੜਿਆਂ ਦਲਿਤਾਂ ਅਤੇ ਕਿਸਾਨਾਂ-ਮਜ਼ਦੂਰਾਂ ਦੀ ਇੱਕ ਸਾਂਝੀ ਜਥੇਬੰਦਕ ਤਾਕਤ ਸਿਰਜਣ ਦੀ ਲੋੜ ਹੈ। ਮੈਨੂੰ ਆਸ ਹੈ ਕਿ ਸੈਣੀ ਭਾਈਚਾਰੇ ਦੇ ਜ਼ਿੰਮੇਵਾਰ ਆਗੂ ਇਸ ਲਈ ਅਗਵਾਈ ਕਰਨਗੇ।

❇ ❇ ❇ ❇ ❇

...ਸਫ਼ਾ 6 ਦੀ ਬਾਕੀ

ਵਿਕਾਸ ਕਾਰਜਾਂ ਅਤੇ ਇਨ੍ਹਾਂ ਦੇ ਸੰਚਾਲਨ ਵਿੱਚ ਆ ਰਹੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਉਣ ਲਈ ਹਰ ਮਹੀਨੇ ਇੱਕ ਮੀਟਿੰਗ ਕੀਤੀ ਜਾਂਦੀ ਹੈ। ਅਪ੍ਰੈਲ ਦੇ ਮਹੀਨੇ ਵਿੱਚ ਪਹਿਲੀ ਤਾਰੀਖ ਨੂੰ ਮੀਟਿੰਗ ਕੀਤੀ ਗਈ ਜਿਸ ਵਿੱਚ 6 ਅਪ੍ਰੈਲ ਨੂੰ ਕਰਵਾਏ ਜਾਣ ਵਾਲੇ ਸਾਲਾਨਾ ਸੰਮੇਲਨ ਦੇ ਪ੍ਰਬੰਧਾਂ ਨੂੰ ਅੰਤਿਮ ਰੂਪ ਦਿੱਤਾ ਗਿਆ। ਮਈ ਵਿੱਚ ਇਹ ਮੀਟਿੰਗ 4 ਤਾਰੀਖ ਨੂੰ ਹੋਈ ਜਿਸ ਵਿੱਚ ਆਮ ਕੰਮਾਂ ਤੋਂ ਇਲਾਵਾ ਸੈਣੀ ਭਵਨ ਵਿੱਚ ਐਮ.ਪੀ.ਲੈਡ ਸਕੀਮ ਅਧੀਨ ਹਾਸਲ ਹੋਏ 5 ਲੱਖ ਰੁਪਏ ਨਾਲ ਹਾਲ ਵਿੱਚ ਵਾਧੇ ਦੇ ਚੱਲ ਰਹੇ ਉਸਾਰੀ ਕਾਰਜ ਵਿੱਚ ਪਈ ਅੜਚਨ ਨੂੰ ਦੂਰ ਕਰਨ ਲਈ ਸੁਝਾ ਲਏ ਗਏ। ਪੀ.ਡਬਲਯੂ. ਡੀ. ਵਲੋਂ ਕਰਵਾਏ ਜਾ ਰਹੇ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਵਿਭਾਗ ਨੇ ਸੈਣੀ ਭਵਨ ਤੋਂ 2.5 ਲੱਖ ਰੁਪਏ ਦੀ ਮੰਗ ਕੀਤੀ ਜਿਸ ਦੀ ਮੰਜ਼ੂਰੀ ਪ੍ਰਬੰਧਕ ਕਮੇਟੀ ਤੋਂ ਲਈ ਗਈ। ਇਸ ਤੋਂ ਇਲਾਵਾ ਮੀਟਿੰਗਾ ਸਮੇ ਸੈਣੀ ਭਵਨ ਦੇ ਉਨ੍ਹਾਂ ਪ੍ਰਬੰਧਕਾਂ ਦੇ ਜਨਮ ਦਿਨ ਮਨਾਏ ਗਏ ਜਿਨ੍ਹਾਂ ਦੇ ਸਬੰਧਿਤ ਮਹੀਨੇ ਵਿੱਚ ਜਨਮ ਦਿਨ ਆਉਂਦੇ ਸਨ।

## ਸਾਲਾਨਾ ਸੈਣੀ ਸੰਮੇਲਨ ਸਮੇਂ ਸਨਮਾਨਿਤ ਸੈਣੀ ਸਖਸ਼ੀਅਤਾਂ

**1.ਇੰਜ: ਭਗਵਾਨ ਸਿੰਘ,** (ਰਿਟਾ:) ਖੇਤਰੀ ਵਾਤਾਵਰਣ ਅਫਸਰ, ਪ੍ਰਦੂਸ਼ਣ ਕੰਟਰੋਲ ਬੋਰਡ, ਹਰਿਆਣਾ- ਆਪ ਨੇ ਇਸ ਸੰਮੇਲਨ ਸਮੇਂ ਸੈਣੀ ਭਵਨ ਰੋਪੜ ਨੂੰ ਇੱਕ ਲੱਖ ਰੁਪਏ ਦਾਨ ਦਿੱਤੇ। ਉਹ ਪਹਿਲਾਂ ਵੀ ਇਸ ਸੰਸਥਾ ਨੂੰ ਦੋ ਲੱਖ ਪਝੱਤਰ ਹਜ਼ਾਰ ਰੁਪਏ ਦੇ ਚੁੱਕੇ ਹਨ।

**2.ਬਾਬਾ ਹਰਦੀਪ ਸਿੰਘ ਡੇਰਾ ਬਾਬਾ ਸਤਿਨਾਮ ਜੀ ਰੂਪਨਗਰ-** ਆਪ ਨੇ ਇਸ ਸੰਮੇਲਨ ਸਮੇਂ ਸੁਖਮਨੀ ਸਾਹਿਬ ਦਾ ਪਾਠ ਕਰਵਾਉਣ ਤੋਂ ਇਲਾਵਾ ਸਾਰੇ ਹਾਜ਼ਰੀਨ ਲਈ ਚਾਹ-ਪਾਣੀ ਅਤੇ ਖਾਣੇ ਦਾ ਬੰਦੋਬਸਤ ਕੀਤਾ।

**3.ਸ. ਸ਼ਮਿੰਦਰ ਸਿੰਘ ਭੱਕੂਮਾਜਰਾ-** ਆਪ ਨੇ ਇਸ ਸਮਾਗਮ ਸਮੇਂ " ਸੈਣੀ ਭਾਈਚਾਰੇ ਦਾ ਸਮਾਜ ਨੂੰ ਯੋਗਦਾਨ" ਵਿਸ਼ੇ 'ਤੇ ਬਹੁਤ ਹੀ ਖੋਜਭਰਪੂਰ ਭਾਸ਼ਣ ਦਿੱਤਾ।

**4-7.ਸ੍ਰੀ ਹਰਮਿੰਦਰ ਨੂਰਪੁਰੀ, ਸ੍ਰੀ ਕੁਲਬੀਰ ਸੈਣੀ, ਸ੍ਰੀ ਨਰਿੰਦਰ ਨਿੰਦੀ ਜਟਾਣਾ ਅਤੇ ਸ੍ਰੀ ਹਰਪਾਲ ਲਾਡਾ, ਹੁਸ਼ਿਆਰਪੁਰ-** ਆਪ ਸੈਣੀ ਬਰਾਦਰੀ ਦੇ ਪ੍ਰਸਿੱਧ ਗਾਇਕ ਕਲਾਕਾਰ ਹਨ ਜਿਨ੍ਹਾਂ ਨੇ ਬਰਾਦਰੀ ਦਾ ਨਾਮ ਵਿਸ਼ਵ ਪੱਧਰ 'ਤੇ ਚਮਕਾਇਆ ਹੈ।

**8-11. ਪ੍ਰਭਜੋਤ ਸਿੰਘ ਪੁਤਰ ਸ. ਭੁਪਿੰਦਰ ਸਿੰਘ, ਜਸਪ੍ਰੀਤ ਸਿੰਘ ਪੁਤਰ ਸ.ਮਨਜਿੰਦਰ ਸਿੰਘ, ਲਕਸ਼ਵੀਰ ਸਿੰਘ ਪੁਤਰ ਸ. ਰਾਜਿੰਦਰ ਸਿੰਘ, ਨਵਪ੍ਰੀਤ ਕੌਰ ਪੁਤਰੀ ਸ.ਜਸਵੰਤ ਸਿੰਘ** - ਇਨ੍ਹਾਂ ਖਿਡਾਰੀਆਂ ਨੇ ਭੋਪਾਲ ਵਿਖੇ ਆਯੋਜਿਤ ਰੋਇੰਗ ਖੇਡ ਦੀ ਨੈਸ਼ਨਲ ਡਰੈਗਨ ਬੋਟ ਚੈਪੀਅਨਸ਼ਿਪ ਵਿੱਚ ਤਮਗੇ ਹਾਸਿਲ ਕਰ ਕੇ ਬਰਾਦਰੀ ਦਾ ਨਾਮ ਉੱਚਾ ਕੀਤਾ।

**12. ਸ. ਦਵਿੰਦਰ ਸਿੰਘ** ਖੇਤੀਬਾੜੀ ਵਿਕਾਸ ਅਫਸਰ, ਰੋਪੜ- ਆਪ ਨੇ ਹਾਕੀ ਦੇ ਰਾਸ਼ਟਰ ਪੱਧਰੀ ਮੁਕਾਬਲਿਆਂ ਵਿੱਚ ਸੈਣੀ ਬਰਾਦਰੀ ਦਾ ਨਾਮ ਚਮਕਾਇਆ ਹੈ।

**13. ਸ੍ਰੀ ਸਤਪਾਲ ਸ਼ਰਮਾ,** ਜੇ.ਈ.(ਰਿਟਾ:) ਪੀ. ਡਬਲਯੂ. ਡੀ.- ਆਪ ਸੈਣੀ ਭਵਨ ਦੀ ਇਮਾਰਤ ਵਿੱਚ ਵਾਧਾ ਕਰਨ ਸਮੇਂ ਇਸ ਸੰਸਥਾ ਨੂੰ ਆਰਕੀਟੈਕਟ ਦੀਆਂ ਸੇਵਾਵਾਂ ਮੁਫਤ ਪ੍ਰਦਾਨ ਕਰਦੇ ਹਨ।

**14. ਸ. ਕੁਲਜੀਤ ਸਿੰਘ,** ਹੀਰਾ ਡਿਪਾਰਟਮੈਂਟ ਸਟੋਰ, ਪੁਰਾਣੀ ਮੰਡੀ ਰੋਪੜ- ਆਪ ਸੈਣੀ ਸੰਮੇਲਨ ਸਮੇਂ ਸਮੂਹ ਹਾਜ਼ਰੀਨ ਲਈ ਮੁਫਤ ਰਿਫਰੈਸ਼ਮੈਂਟ ਦਾ ਪ੍ਰਬੰਧ ਕਰਦੇ ਹਨ।

**15. ਸ. ਰਾਜਿੰਦਰ ਸਿੰਘ ਸੈਣੀ-** ਆਪ ਗੁਰੂਦੁਆਰਾ ਬੀਬੀ ਸ਼ਰਨ ਕੌਰ ਰਾਏਪੁਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਸਮਾਜ ਦੀ ਬਹੁਮੁੱਲੀ ਸੇਵਾ ਕਰਦੇ ਹਨ।

**16-18 ਸ੍ਰੀਮਤੀ ਗੁਰਵਿੰਦਰ ਕੌਰ ਗੁਰਲੀਨ ਕੌਰ ਪੁਤਰੀ ਰੂਪਨਗਰ** : ਨਿਰਮੋਲਕ ਸਿੰਘ, ਮੁਹਾਲੀ- ਆਪ ਨੇ ਸੈਣੀ ਸੰਸਾਰ ਮੈਗਜੀਨ ਦੇ ਪ੍ਰਸਨੋਤਰੀ ਮੁਕਾਬਲੇ ਵਿੱਚ ਜਿੱਤ ਹਾਸਲ ਕੀਤੀ ਹੈ।

ਸੁੰਦਰ ਲਾਲ ਬਹੁਗੁਣਾ

# ਕੁਦਰਤ ਦੀ ਲੁੱਟ 'ਤੇ ਖੜ੍ਹੀ ਸੱਭਿਅਤਾ

ਉਦਯੋਗਿਕ ਕ੍ਰਾਂਤੀ ਨਾਲ ਜਨਮੀ ਨਵੀਂ ਸੱਭਿਅਤਾ ਨੇ ਮਨੁੱਖੀ ਜੀਵਨ ਦੀਆਂ ਕਦਰਾਂ ਕੀਮਤਾਂ ਵਿੱਚ ਮੁਢਲੀ ਤਬਦੀਲੀ ਕਰ ਦਿੱਤੀ ਹੈ। ਹੁਣ ਜਿਸ ਸਮਾਜ ਵਿੱਚ ਵੱਧ ਤੋਂ ਵੱਧ ਪਦਾਰਥਿਕ ਸਹੂਲਤਾਂ ਹੋਣ ਉਸ ਨੂੰ ਹੀ ਸੱਭਿਅ ਮੰਨਿਆਂ ਜਾਂਦਾ ਹੈ। ਪਦਾਰਥਾਂ ਦੀ ਬਹੁਲਤਾ ਵਿਕਾਸ ਦਾ ਚਿਨ੍ਹ ਬਣ ਗਈ ਹੈ। ਇਸ ਵਿਕਾਸ ਲਈ ਮਨੁੱਖ ਨੇ ਕੁਦਰਤ ਦਾ ਅਸੀਮ ਵਿਨਾਸ਼ ਕੀਤਾ ਹੈ। ਤਕਨੀਕੀ ਵਿਕਾਸ ਕਾਰਨ ਹੁਣ ਅਸੀਂ ਕੁਦਰਤੀ (ਸਹਿਜ) ਜੀਵ ਮੰਡਲ ਵਿੱਚ ਨਹੀਂ ਬਲਕਿ ਦੂਸ਼ਿਤ ਜੀਵ ਮੰਡਲ ਦੇ ਵਸਨੀਕ ਹਾਂ।

ਲਗਭੱਗ ਤਿੰਨ ਸੌ ਸਾਲ ਪਹਿਲਾਂ ਆਈ ਉਦਯੋਗਿਕ ਕ੍ਰਾਂਤੀ ਨੇ ਨਵੀਂ ਸੱਭਿਅਤਾ ਨੂੰ ਜਨਮ ਦਿੱਤਾ ਹੈ। ਇਸ ਸੱਭਿਅਤਾ ਨੇ ਜੀਵਨ ਅਤੇ ਕੁਦਰਤ ਪ੍ਰਤਿ ਮਨੁੱਖੀ ਦ੍ਰਿਸ਼ਟੀਕੋਨ ਵਿੱਚ ਬੁਨਿਆਦੀ ਤਬਦੀਲੀ ਲਿਆਂਦੀ ਹੈ। ਭਾਫ ਦੇ ਇੰਜਣ ਨੇ ਮਨੁੱਖੀ ਹੱਥਾਂ ਨੂੰ ਅਸਾਧਾਰਨ ਤਾਕਤ ਦੇ ਦਿੱਤੀ ਹੈ। ਇਸ ਤਾਕਤ ਨੇ ਮਨੁੱਖ ਦੇ ਕੁਦਰਤ ਨਾਲ ਰਿਸ਼ਤੇ ਵਿੱਚ ਇਕਦਮ ਤਬਦੀਲੀ ਲਿਆਂਦੀ ਹੈ। ਕੁਦਰਤ ਮਨੁੱਖ ਲਈ ਮਹਿਜ ਇੱਕ ਸਰੋਤ ਬਣ ਗਈ ਹੈ ਅਤੇ ਉਹ ਇਸ ਦਾ ਮਾਲਕ ਬਣ ਬੈਠਾ ਹੈ। ਇਸ ਤੋਂ ਇਲਾਵਾ ਮਨੁੱਖ ਆਪਣੇ ਆਪ ਨੂੰ ਦੂਜੇ ਜੀਵ ਜੰਤੂਆਂ ਨਾਲੋਂ ਵੱਡਾ ਮੰਨਣ ਲੱਗਾ ਹੈ ਕਿਉਂਕਿ ਕੁਦਰਤ 'ਤੇ ਕੰਟਰੋਲ ਕਰਨ ਲਈ ਮਨੁੱਖ ਤੋਂ ਬਗੈਰ ਹੋਰ ਕਿਸੇ ਜੀਵ ਕੋਲ ਤਾਕਤ ਅਤੇ ਸਾਧਨ ਨਹੀਂ ਹਨ। ਉਸ ਨੇ ਸਮਾਜ ਦੀ ਪਰਿਭਾਸ਼ਾ "ਮਨੁੱਖੀ ਸਮਾਜ" ਤੱਕ ਸੀਮਿਤ ਕਰ ਦਿੱਤੀ ਹੈ। ਇਹ ਮਾਨਤਾ ਹੀ ਮਨੁੱਖ ਸੱਭਿਅਤਾ ਦੇ ਵਿਕਾਸ ਦਾ ਆਧਾਰ ਬਣ ਗਈ ਹੈ।

ਇਨ੍ਹਾਂ ਸੁੱਖ ਸੁਵਿਧਾਵਾਂ ਦਾ ਕੇਂਦਰੀਕਰਨ ਸ਼ਹਿਰਾਂ ਵਿੱਚ ਹੋਇਆ ਹੈ। ਇਸ ਲਈ ਸ਼ਹਿਰਾਂ ਦੇ ਫੈਲਾਓ ਨੂੰ ਵੀ ਤਰੱਕੀ ਦਾ ਇੱਕ ਮਾਪਦੰਡ ਮੰਨਿਆਂ ਜਾਂਦਾ ਹੈ। ਵੀਹਵੀਂ ਸਦੀ ਦੌਰਾਨ ਸ਼ਹਿਰਾਂ ਵਿੱਚ ਰਹਿਣ ਵਾਲੀ ਆਬਾਦੀ ਬਹੁਤ ਤੇਜ਼ੀ ਨਾਲ ਵਧੀ ਹੈ। ਜਿਸ ਸਮਾਜ ਕੋਲ ਜਿੰਨੀਆਂ ਵੱਧ ਉਪਭੋਗਤਾ ਚੀਜ਼ਾਂ ਹੋਣ ਉੱਨਾ ਹੀ ਉਸ ਨੂੰ ਵਿਕਸਿਤ ਮੰਨਿਆਂ ਜਾਂਦਾ ਹੈ। ਇਨ੍ਹਾਂ ਪਦਾਰਥਾਂ ਦਾ ਸਰੋਤ ਧਰਤੀ ਹੈ। ਇਹ ਚੀਜ਼ਾਂ ਚਾਹੇ ਖਤਮ ਹੋਣ ਵਾਲੀਆਂ ਧਾਤਾਂ, ਖਣਿਜ ਜਾਂ ਤੇਲ ਹੋਣ ਜਾਂ ਨਵਿਆਉਣਯੋਗ ਚਰਾਂਦਾਂ, ਜੰਗਲ, ਖੇਤੀਯੋਗ ਜ਼ਮੀਨ ਅਤੇ ਸਮੁੰਦਰ ਹੋਣ। ਬਹੁਲਤਾ ਵਾਲੇ ਇਸ ਵਿਕਾਸ ਨੇ ਕੁਦਰਤ ਦੇ ਸਰੋਤਾਂ ਦਾ ਹੱਦ ਤੋਂ ਵੱਧ ਖਾਤਮਾ ਕੀਤਾ ਹੈ। ਹੁਣ ਜੋ ਖਤਰਾ ਪੈਦਾ ਹੋਇਆ ਹੈ ਉਹ ਸੁਭਾਵਿਕ ਨਹੀਂ ਬਲਕਿ ਅਲੀਬਾਬਾ ਦੇ ਖਜ਼ਾਨੇ ਵਾਂਗ ਮਨਮਾਨੀ ਲੁੱਟ ਦਾ ਸਿੱਟਾ ਹੈ। ਵਿਕਾਸ ਦੇ ਨਾਮ 'ਤੇ ਅਮੀਰ ਦੇਸ਼ ਬਾਜ਼ੀ ਮਾਰ ਰਹੇ ਹਨ।

ਦੁਨੀਆਂ ਦੇ ਅਮੀਰ ਦੇਸ਼ਾਂ ਦੀ ਸ਼ਾਨੋਸ਼ੌਕਤ ਦਾ ਆਧਾਰ ਉਨ੍ਹਾਂ ਦਾ ਉਦਯੋਗਿਕ ਵਿਕਾਸ ਹੈ। ਉਨ੍ਹਾਂ ਨੇ ਵਿਕਾਸ ਦਾ ਆਪਣਾ ਇਹ ਮਾਪਦੰਡ ਸਾਰੇ ਸੰਸਾਰ ਵਿੱਚ ਫੈਲਾਇਆ ਹੋਇਆ ਹੈ ਅਤੇ ਹੁਣ ਗਰੀਬ ਦੇਸ਼ਾਂ ਲਈ ਵੀ ਇਹ ਹੀ ਵਿਕਾਸ ਦਾ ਮਾਪਦੰਡ ਬਣ ਗਿਆ ਹੈ। ਇਸ ਆਦਰਸ਼ ਦੀ ਪ੍ਰਾਪਤੀ ਲਈ ਮਦਦ ਕਰਨ ਹਿਤ ਗਰੀਬ ਦੇਸ਼, ਅਮੀਰ ਦੇਸ਼ਾਂ ਨੂੰ ਆਪਣੇ ਦੇਸ਼ਾਂ ਵਿੱਚ ਸੱਦਦੇ ਹਨ। ਇਸ ਲਈ ਬਹੁਦੇਸ਼ੀ ਕੰਪਨੀਆਂ ਗਰੀਬ ਦੇਸ਼ਾਂ ਵਿੱਚ ਕਾਰਜਸ਼ੀਲ ਹਨ। ਸੰਨ 1950-65 ਸਾਲਾਂ ਦੌਰਾਨ ਅਮਰੀਕਾ ਦੀਆਂ ਬਹੁਦੇਸੀ ਕੰਪਨੀਆਂ ਨੇ 274% ਲਾਭ ਕਮਾਇਆ ਸੀ।

ਉਦਯੋਗਪ੍ਰਧਾਨ ਦੇਸ਼ਾਂ ਵਿੱਚ ਉਦਯੋਗਾਂ ਕਾਰਨ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਦੀ ਸਮੱਸਿਆ ਪੈਦਾ ਹੋ ਗਈ ਹੈ। ਹਵਾ ਅਾਤੇ ਪਾਣੀ ਪ੍ਰਾਣੀਆਂ ਲਈ ਕੁਦਰਤ ਦਾ ਬਹੁਮੁੱਲਾ ਤੋਹਫਾ ਹੈ। ਇਨ੍ਹਾਂ 'ਤੇ ਹੀ ਸਾਰਾ ਜੀਵਨ ਨਿਰਭਰ ਹੈ। ਕਈ ਪ੍ਰਕਾਰ ਦੇ ਰਸਾਇਣਕ ਪਦਾਰਥਾਂ ਦੀ ਵਰਤੋਂ ਅਤੇ ਬਾਲਣਾਂ ਦੇ ਜਲਣ ਨਾਲ ਹਵਾ ਵਿੱਚ ਕਾਰਬਨਡਾਈਆਕਸਾਈਡ, ਨਾਈਟ੍ਰੋਜਨਆਕਸਾਈਡ, ਸਲਫਰਡਾਈਆਕਸਾਈਡ ਵਰਗੀਆਂ ਜ਼ਹਿਰੀਆਂ ਗੈਸਾਂ ਮਿਲ ਗਈਆਂ ਹਨ। ਇਨ੍ਹਾਂ ਦੇ ਦੁਰਪ੍ਰਭਾਵ ਨੂੰ ਘੱਟ ਕਰਨ ਲਈ ਮਹਿੰਗੇ ਤਕਨੀਕੀ ਉਪਾਅ ਵੀ ਸਫਲ ਨਹੀਂ ਹੋਏ ਹਨ। ਬਰਲਿਨ ਵਿੱਚ ਸਿਆਲਾਂ ਦੇ ਦਿਨੀਂ ਮਾਵਾਂ ਫਿਕਰਮੰਦ ਹੋ ਜਾਂਦੀਆਂ ਹਨ ਕਿਉਂਕਿ ਉਸ ਸਮੇਂ ਹਵਾ ਕੁੱਝ ਖਾਸ ਸਥਾਨਾਂ 'ਤੇ ਜਮ੍ਹਾਂ ਹੋ ਜਾਂਦੀ ਹੈ। ਬੱਚੇ ਇਨ੍ਹਾਂ ਜ਼ਹਿਰੀਲੀਆਂ ਗੈਸਾਂ ਨੂੰ ਸਹਿਨ ਨਹੀਂ ਕਰ ਸਕਦੇ ਜਿਸ ਕਾਰਨ ਸਕੂਡੋਕੂਪ ਨਾਂ ਦੀ ਬਿਮਾਰੀ ਨਾਲ ਉਹ ਮਰ ਜਾਂਦੇ ਹਨ। ਇਸ ਲਈ ਹੁਣ ਸਾਫ ਹਵਾ ਦੀ ਲੋੜ 15 ਗੁਣਾ ਵੱਧ ਹੈ।

ਜ਼ਹਿਰੀਆਂ ਗੈਸਾਂ ਦਾ ਬੁਰਾ ਪ੍ਰਭਾਵ ਮਨੁੱਖ ਤੋਂ ਇਲਾਵਾ ਬਨਸਪਤੀ 'ਤੇ ਵੀ ਪੈਣ ਲੱਗਾ ਹੈ। ਯੂਰੋਪ, ਕੈਨੇਡਾ ਅਤੇ ਉਤਰੀ ਅਮਰੀਕਾ ਦੇ ਜੰਗਲਾਂ ਨੂੰ ਤੇਜ਼ਾਬੀ ਬਾਰਸ਼ ਤੇਜ਼ੀ ਨਾਲ ਨਸ਼ਟ ਕਰਨ ਲੱਗੀ ਹੈ। ਇਸ ਬਾਰਸ਼ ਨਾਲ ਅਲਪਸ ਦੇ ਜੰਗਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਪੂਰਬੀ ਯੂਰੋਪ ਦੇ ਸਮਾਜਵਾਦੀ ਦੇਸ਼ ਹੋਣ ਜਾਂ ਪੱਛਮੀ ਯੂਰੋਪ ਦੇ ਪੂੰਜੀਵਾਦੀ ਦੇਸ਼ ਕੋਈ ਵੀ ਇਸ ਬਿਪਤਾ ਤੋਂ ਬਚ ਨਹੀਂ ਸਕਿਆ। ਸਵੀਡਨ ਦੇ ਡਾ.ਜੌਨ ਰਿਮਰੌਡ ਨੇ ਇਸ ਸੰਕਟ ਦਾ ਵਰਣਨ ਕਰਦਿਆਂ ਕਿਹਾ ਹੈ ਕਿ ਮਨੁੱਖਤਾ ਦਾ ਸਮੂਹਿਕ ਭਵਿੱਖ ਖ਼ਤਰੇ ਵਿੱਚ ਹੈ। ਹਵਾ ਪ੍ਰਦੂਸ਼ਣ ਨਾਲ ਜੰਗਲਾਂ ਨੂੰ ਤਿੰਨ ਪ੍ਰਕਾਰ ਦੇ ਖਤਰੇ ਹਨ। ਪਹਿਲਾ ਹੈ ਕਿ ਜਿਸ ਹਵਾ ਵਿੱਚ ਦਰਖਤ ਸਾਹ ਲੈਂਦੇ ਹਨ ਉਸ ਵਿੱਚ ਮਿਲੀਆਂ ਹਾਨੀਕਾਰਕ ਗੈਸਾਂ ਅਤੇ ਤੇਜ਼ਾਬੀ ਵਸਤੂਆਂ ਉਨ੍ਹਾਂ ਦੇ ਪੱਤਿਆਂ ਨੂੰ ਨਸ਼ਟ ਕਰਦੀਆਂ ਹਨ ਜਿਸ ਨਾਲ ਦਰਖਤਾਂ ਦੀਆਂ ਕਈ ਅੰਦਰੂਨੀ ਕਿਰਿਆਵਾਂ ਵਿੱਚ ਗੜਬੜੀ ਪੈਦਾ ਹੋ ਜਾਂਦੀ ਹੈ। ਦੂਜੇ ਤੇਜ਼ਾਬੀਕਰਨ ਨਾਲ ਜ਼ਮੀਨ ਵਿੱਚ ਹੌਲੀ ਹੌਲੀ ਤਬਦੀਲੀ ਆ ਰਹੀ ਹੈ। ਤੀਸਰਾ ਵਾਯੂਮੰਡਲ ਵਿੱਚ ਕਾਰਬਨਡਾਈਆਕਸਾਈਡ ਦੇ ਵਾਧੇ ਨਾਲ ਧਰਤੀ 'ਤੇ ਹਰ ਪ੍ਰਕਾਰ ਦੇ ਜੀਵਨ 'ਤੇ ਪ੍ਰਭਾਵ ਪਏਗਾ। ਜੰਗਲਾਂ ਲਈ

ਪੈਦਾ ਹੋਏ ਖਤਰਿਆਂ ਨੂੰ ਤਕਨੀਕੀ ਢੰਗਾਂ ਨਾਲ ਨਹੀਂ ਟਾਲਿਆ ਜਾ ਸਕਦਾ। ਡਾ. ਰਿਮਰੋਡ ਦਾ ਕਹਿਣਾ ਹੈ ਕਿ ਤੇਜ਼ਾਬੀ ਬਾਰਿਸ਼ ਨਾਲ ਜਰਮਨੀ ਦੇ ਲਗਭੱਗ ਇੱਕ ਤਿਹਾਈ ਜੰਗਲ ਮਰ ਚੁੱਕੇ ਹਨ ਅਤੇ ਸਵੀਡਨ ਦੀਆਂ 85 ਹਜ਼ਾਰ ਝੀਲਾਂ ਵਿੱਚੋਂ 21% ਜ਼ਹਿਰੀਲੀਆਂ ਹੋ ਚੁੱਕੀਆਂ ਹਨ। ਉਦਯੋਗੀਕਰਨ ਦਾ ਪਾਣੀ 'ਤੇ ਦੋਹਰਾ ਪ੍ਰਭਾਵ ਪੈਂਦਾ ਹੈ। ਇੱਕ ਪਾਸੇ ਤਾਂ ਨਦੀਆਂ ਜ਼ਹਿਰੀਲੀਆਂ ਹੋ ਗਈਆਂ ਹਨ ਦੂਜੇ ਪਾਣੀ ਦੀ ਜ਼ਰੂਰਤ ਵਧ ਗਈ ਹੈ। ਇਸ ਲਈ ਪਾਣੀ ਦਾ ਸ਼ੁੱਧੀਕਰਨ ਕਰਨਾ ਪੈ ਰਿਹਾ ਹੈ ਜਿਸ ਕਰਕੇ ਇਨ੍ਹਾਂ ਦੇਸ਼ਾਂ ਦੇ ਲੋਕ ਕੁਦਰਤੀ ਸੋਮਿਆਂ ਦੇ ਜੀਵਨਮਈ ਪਾਣੀ ਤੋਂ ਵਾਂਝੇ ਹੋ ਰਹੇ ਹਨ।

ਵਿਕਾਸ ਦਾ ਇਕ ਹੋਰ ਮਾਪਦੰਡ ਹੈ, ਊਰਜਾ ਦੀ ਵੱਧ ਵਰਤੋਂ। ਅਸਲ ਵਿੱਚ ਅਜੋਕੇ ਮਨੁੱਖ ਦੇ ਜੀਵਨ ਦਾ ਇੱਕ ਪਲ ਵੀ ਅਜਿਹਾ ਨਹੀਂ ਜਦੋਂ ਊਰਜਾ ਤੋਂ ਬਿਨਾਂ ਕੰਮ ਚਲਦਾ ਹੋਵੇ। ਘਰ ਵਿੱਚ ਖਾਣਾ ਬਣਾਉਣ, ਚਾਨਣ ਅਤੇ ਗਰਮੀ ਲਈ ਤਾਂ ਊਰਜਾ ਦੀ ਲੋੜ ਹੈ ਹੀ, ਪਰ ਘੁੰਮਣ-ਫਿਰਨ ਅਤੇ ਦਫ਼ਤਰੀ ਕੰਮਾਂ ਲਈ ਵੀ ਊਰਜਾ ਜ਼ਰੂਰੀ ਹੈ। ਉਰਜਾ ਦੀ ਵਧਦੀ ਹੋਈ ਮੰਗ ਨੂੰ ਪੂਰਾ ਕਰਨ ਲਈ ਹੁਣ ਪ੍ਰਮਾਣੂ ਊਰਜਾ ਦੀ ਵਰਤੋਂ ਹੋਣ ਲੱਗੀ ਹੈ ਜਿਸ ਦੀ ਰਹਿੰਦਖੂੰਹਦ ਦਾ ਨਿਪਟਾਰਾ ਇੱਕ ਸਮੱਸਿਆ ਬਣ ਗਈ ਹੈ। ਇਨ੍ਹਾਂ ਨੂੰ ਜ਼ਮੀਨ ਦੇ ਅੰਦਰ ਹੀ ਦੱਬ ਦੇਣ ਦੇ ਤਜ਼ੁਰਬੇ ਖਤਰਿਆਂਭਰਪੂਰ ਹਨ।

ਪ੍ਰਦੂਸ਼ਣ ਦਾ ਬੁਰਾ ਪ੍ਰਭਾਵ ਕੇਵਲ ਅਮੀਰ ਦੇਸ਼ਾਂ ਤੱਕ ਹੀ ਸੀਮਿਤ ਨਹੀਂ, ਸਗੋਂ ਇਨ੍ਹਾਂ ਤੋਂ ਬਚੇ ਰਹਿਣ ਦੀ ਕੀਮਤ ਗਰੀਬ ਦੇਸ਼ਾਂ ਨੂੰ ਵੀ ਚੁਕਾਉਣੀ ਪੈਂਦੀ ਹੈ। ਵਿਦੇਸ਼ੀ ਵਪਾਰ 'ਤੇ ਆਧਾਰਿਤ ਅਰਥਵਿਵਸਥਾ ਨੂੰ ਕਾਇਮ ਰੱਖਣ ਲਈ ਉਨ੍ਹਾਂ ਨੂੰ ਕੱਚੇ ਮਾਲ ਦੇ ਭੰਡਾਰਾਂ ਮੁੱਖ ਤੌਰ 'ਤੇ ਖਣਿਜ ਤੇਲਾਂ, ਧਾਤਾਂ ਅਤੇ ਲੱਕੜੀ 'ਤੇ ਕਾਬੂ ਰੱਖਣਾ ਪੈਂਦਾ ਹੈ। ਇਸ ਲਈ ਅਮੀਰ ਦੇਸ਼, ਗਰੀਬ ਦੇਸ਼ਾਂ ਦੀ ਸਹਾਇਤਾ ਕਰਨ ਦੇ ਬਹਾਨੇ ਇਨ੍ਹਾਂ 'ਤੇ ਆਪਣੀ ਸ਼ਕਤੀ ਦਾ ਪ੍ਰਭਾਵ ਪਾਉਂਦੇ ਹਨ। ਕਈ ਦੇਸ਼ਾਂ ਵਿੱਚ ਰਾਜਨੀਤਿਕ ਉਥਲਪੁਥਲ ਪਿੱਛੇ ਇਸ ਪ੍ਰਭਾਵ ਦਾ ਹੀ ਹੱਥ ਹੁੰਦਾ ਹੈ। ਇਸ ਨਾਲ ਇਨ੍ਹਾਂ ਦੇਸ਼ਾਂ ਵਿੱਚ ਕਠਪੁਤਲੀ ਸਰਕਾਰਾਂ ਬਣਾਈਆਂ ਜਾਂਦੀਆਂ ਹਨ ਜਿਨ੍ਹਾਂ ਤੋਂ ਅਮੀਰ ਦੇਸ਼ ਮਨਮਾਨੇ ਢੰਗ ਨਾਲ ਆਪਣੇ ਹਿਤਾਂ ਦੀ ਪੂਰਤੀ ਕਰਵਾਉਂਦੇ ਹਨ।

ਅਮੀਰ ਦੇਸ਼ ਵਿਸ਼ਵ ਵਿੱਚ ਯੁੱਧਾਂ ਦਾ ਵੀ ਮਨੋਵਿਗਿਆਨਕ ਮਾਹੌਲ ਬਣਾ ਕੇ ਰੱਖਦੇ ਹਨ। ਵਿਸ਼ਵ ਦੇ ਇਤਿਹਾਸ ਵਿੱਚ ਫੌਜ 'ਤੇ ਪਹਿਲਾਂ ਕਦੇ ਇੰਨਾਂ ਖਰਚ ਨਹੀਂ ਹੋਇਆ ਜਿੰਨਾਂ ਹੁਣ ਹੋ ਰਿਹਾ ਹੈ। ਸ਼ਾਤੀ ਦੀ ਸਥਾਪਨਾ ਲਈ ਲੜੇ ਗਏ ਯੁੱਧ ਵਿੱਚ 3 ਕਰੋੜ ਲੋਕ ਮਾਰੇ ਗਏ ਸਨ, 3 ਕਰੋੜ ਜ਼ਖਮੀ ਹੋਏ, 2 ਕਰੋੜ ਲੋਕਾਂ ਨੂੰ ਘਰ ਛੱਡਣਾ ਪਿਆ ਅਤੇ 3 ਕਰੋੜ ਘਰ ਢਹਿਢੇਰੀ ਹੋਏ। ਹੁਣ ਭਾਵੇਂ ਇਹ ਮੰਨਿਆਂ ਜਾਂਦਾ ਹੈ ਕਿ ਸਾਡੀ ਸੱਭਿਅਤਾ ਸ਼ਾਂਤੀ ਵੱਲ ਵਧ ਰਹੀ ਹੈ ਪਰ ਸੁਰੱਖਿਆ 'ਤੇ ਖਰਚਾ ਤਾਂ ਦੁਗਣੇ ਤੋਂ ਵੀ ਵਧ ਗਿਆ ਹੈ। ਵਿਕਾਸ ਦੇ ਸ਼ਿਖਰ 'ਤੇ ਪਹੁੰਚੇ ਦੇਸ਼ਾਂ ਦਾ ਖਰਚ ਸਭ ਤੋਂ ਵੱਧ ਹੈ। ਦੁੱਖ ਦੀ ਗੱਲ ਹੈ ਕਿ ਗਰੀਬ ਦੇਸ਼ ਜਿਨ੍ਹਾਂ ਵਿੱਚ ਲੋਕਾਂ ਨੂੰ ਪੇਟ ਭਰਨ ਲਈ ਅਨਾਜ, ਤਨ ਢੱਕਣ ਲਈ ਕੱਪੜਾ ਅਤੇ ਰਹਿਣ ਲਈ ਮਕਾਨ ਵੀ ਨਸੀਬ ਨਹੀਂ ਹੁੰਦਾ, ਉਨ੍ਹਾਂ ਦੇ ਸੁਰੱਖਿਆ ਖਰਚਿਆਂ ਵਿੱਚ ਵੀ ਵਾਧਾ ਹੋ ਰਿਹਾ ਹੈ।

ਯੁੱਧ ਇੱਕ ਕਾਰੋਬਾਰ ਬਣ ਗਿਆ ਹੈ। ਇਸ ਕਾਰੋਬਾਰ ਦਾ ਅਮੀਰ ਦੇਸ਼ਾਂ ਦੀ ਅਰਥਵਿਵਸਥਾ ਵਿੱਚ ਮਹੱਤਵਪੂਰਨ ਯੋਗਦਾਨ ਹੈ। ਇਸ ਨੂੰ ਜਾਰੀ ਰੱਖਣ ਲਈ ਗਰੀਬ ਦੇਸ਼ ਲਈ ਗਵਾਂਢੀ ਮੁਲਕ ਤੋਂ ਖਤਰੇ ਦਾ ਮਾਹੌਲ ਕਾਇਮ ਕੀਤਾ ਜਾਂਦਾ ਹੈ ਅਤੇ ਉਸ ਦੀ ਸੁਰੱਖਿਆ ਲਈ ਹਥਿਆਰ ਦੇ ਕੇ ਅਮੀਰ ਮੁਲਕ ਉਸ ਦਾ ਰਖਵਾਲਾ ਹੋਣ ਦਾ ਭਰਮ ਪੈਦਾ ਕਰਦੇ ਹਨ। ਇਨ੍ਹਾਂ ਹਥਿਆਰਾਂ ਬਦਲੇ ਉਹ ਆਪਣੇ ਮਨਪਸੰਦ ਦੀਆਂ ਵਸਤੂਆਂ ਗਰੀਬ ਦੇਸ਼ ਤੋਂ ਲੈਂਦੇ ਹਨ। ਰੱਖਿਆ ਅਤੇ ਵਿਕਾਸ ਦੇ ਧਨੀ ਦੇਸ਼ਾਂ ਨਾਲ ਤਾਲਮੇਲ ਰੱਖਣ ਲਈ ਗਰੀਬ ਦੇਸ਼ਾਂ ਨੂੰ ਵਿਦੇਸ਼ੀ ਕਰੰਸੀ ਦੀ ਲੋੜ ਪੈਂਦੀ ਹੈ। ਇਸ ਨੂੰ ਹਰ ਹੀਲੇ ਹਾਸਲ ਕਰਨ ਲਈ ਉਹ ਆਪਣੀ ਮਿੱਟੀ ਦੀ ਉਪਜਾਊ ਸ਼ਕਤੀ ਦੀ ਵੀ ਕੁਰਬਾਨੀ ਦਿੰਦੇ ਹਨ। ਇਸ ਮੰਤਵ ਲਈ ਗਰਮ ਇਲਾਕਿਆਂ ਦੇ ਗਰੀਬ ਦੇਸ਼ 32 ਹੈਕਟੇਅਰ ਪ੍ਰਤਿ ਮਿੰਟ ਦੇ ਹਿਸਾਬ ਨਾਲ ਆਪਣੇ ਜੰਗਲਾਂ ਦੀ ਤਬਾਹੀ ਕਰਵਾ ਰਹੇ ਹਨ। ਜਦੋਂ ਤੱਕ ਅਖੌਤੀ ਸੱਭਿਅ ਲੋਕਾਂ ਦਾ ਇਨ੍ਹਾਂ ਖੇਤਰਾਂ ਵਿੱਚ ਵਸੇਬਾ ਨਹੀਂ ਸੀ ਹੋਇਆ ਉਦੋਂ ਤੱਕ ਇੱਥੋਂ ਦੇ ਵਸਨੀਕ ਆਪਣੇ ਭੋਜਨ ਲਈ ਇਨ੍ਹਾਂ ਜੰਗਲਾਂ 'ਤੇ ਹੀ ਨਿਰਭਰ ਸਨ। ਉਨ੍ਹਾਂ ਦੇ ਭੋਜਨ ਵਿੱਚ ਕੰਦਮੂਲ ਅਤੇ ਫਲਾਂ ਤੋਂ ਇਲਾਵਾ ਜੰਗਲੀ ਜੀਵ ਸ਼ਾਮਿਲ ਸਨ। ਕਿਉਂਕਿ ਉਦਯੋਗਿਕ ਸੱਭਿਅਤਾ ਦਾ ਤਾਂ ਵਿਕਾਸ ਹੀ ਕੁਦਰਤ ਦੀ ਲੁੱਟ 'ਤੇ ਖੜ੍ਹਾ ਹੈ, ਇਸ ਲਈ ਉੱਥੇ ਅਨਾਜ ਦੀ ਖੇਤੀ ਅਤੇ ਪਸ਼ੂਪਾਲਣ ਲਈ ਜੰਗਲਾਂ ਦੀ ਕਟਾਈ ਸ਼ੁਰੂ ਹੋ ਗਈ। ਇਨ੍ਹਾਂ ਜੰਗਲਾਂ ਦੀ ਲੱਕੜ ਜਾਪਾਨ, ਅਮਰੀਕਾ ਅਤੇ ਯੂਰੋਪ ਵਿੱਚ ਜਾਣ ਲੱਗੀ ਹੈ। ਲੱਕੜੀ ਦਾ ਇਹ ਨਿਰਯਾਤ ਲਗਾਤਾਰ ਵਧਦਾ ਹੀ ਜਾ ਰਿਹਾ ਹੈ। ਇਸ ਨਾਲ ਸੈਕੜੇ ਕਿਸਮ ਦੀਆਂ ਬਨਸਪਤੀ ਪ੍ਰਜਾਤੀਆਂ ਅਲੋਪ ਹੋ ਰਹੀਆਂ ਹਨ ਅਤੇ ਹੜ੍ਹਾਂ ਤੇ ਭੂਮੀ ਦੇ ਖੁਰਨ ਦੀਆਂ ਸਮਸਿਆਵਾਂ ਪੈਦਾ ਹੋ ਰਹੀਆਂ ਹਨ।

ਅੱਜ ਅਸੀਂ ਕੁਦਰਤ ਦਾ ਸੰਸਕਾਰ ਨਹੀਂ, ਬਲਕਿ ਭੋਗਵਾਦੀ ਤ੍ਰਿਪਤੀ ਲਈ ਇਸ ਦਾ ਬਲਾਤਕਾਰ ਕਰ ਰਹੇ ਹਾਂ। ਇਸ ਲਈ ਹੀ ਯੁੱਧ, ਪ੍ਰਦੂਸ਼ਣ ਅਤੇ ਗਰੀਬੀ ਦੇ ਰੂਪ ਵਿੱਚ ਵਿਨਾਸ਼ ਦਾ ਸਾਹਮਣਾ ਕਰ ਰਹੇ ਹਾਂ। ਮਨੁੱਖੀ ਸੱਭਿਅਤਾ ਦੇ ਇਸ ਭੋਗਵਾਦੀ ਵਿਕਾਸ ਨੂੰ ਠੱਲ੍ਹ ਪਾਉਣ ਦੀ ਤੁਰੰਤ ਲੋੜ ਹੈ।

ਭਾਵੇਂ ਕਿਤਾਬ ਸਾਨੂੰ ਰੋਟੀ ਨਹੀਂ ਦਿੰਦੀ,
ਪਰ ਇਹ ਜ਼ਰੂਰ ਦੱਸਦੀ ਹੈ ਕਿ ਸਾਡੇ
ਹਿੱਸੇ ਦੀ ਰੋਟੀ ਕੌਣ ਖਾ ਰਿਹਾ ਹੈ। (ਉਦੈ ਭਾਨੂ)



## New Five Year Member of Saini Sansar

Continued from Page 7 of 52th Issue

Compiled by
Jagdev Singh

1131. **Smt. Amarjit Kaur, MC**
Gurbax Colony, Ropar

1132. **S. Satwinder Singh Mumbai**

1133. **S. Jarnail Singh**
Nekuwal

1134. **Sh. SM Singh**
Haveli Kalan

1135 **S. Gurmukh Singh Saini**
# 9, Malhotra Colony, Ropar

1136. **S. Punjab Singh**
# 25, Dashmesh Colony, Ropar

1137. **S. Sarabjit Singh MC**
# 25/10A, Dashmesh Colony, Ropar

1138. **Smt. Onkarjit Kaur**
Vill. Khanpur, Distt. Hoshiarpur

1139. **S. Manjit Singh Saini**
# 80, Ranjit Avenue, Ropar

1140. **S. Ajit Singh Cashier**
Ropar

1141 **S. Baldev Singh**
Preet Nagar, Hoshiarpur

1142. **S. Harinder Singh Longia**
Ropar

1143. **Sh. Rajiv Pabla**
Sarpanch Colony, Ropar

1144. **Sh. Abhishek Saini**
# 187, Suncity, Ropar

1145. **S. Kesar Singh**
Vill. Mussapur, Nurpur Bedi, Ropar

1146. **S. Gurcharan Singh**
Vill. Katli, P.O. Laudhi Majra, Ropar

1147 **Sh. Partap Saini**
# 44, HH Nangal Township

1148. **Smt. Harjit Kaur**
# 252, Zail Singh Nagar, Ropar

1149. **S. Surinderpal Singh**
VPO Jhallian Khurd, Ropar

1150. **S. Nirmal Singh**
VPO Bela, Distt. Ropar

1151. **S. Surinder Singh**
# 118-119, Gillco Valley, Ropar

1152. **S. Amrik Singh**
Vill. Pabari, Teh. Rajpura, Distt. Patiala

1153 **S. Baldev Singh**
Vill. Pabari, Teh. Rajpura, Distt. Patiala

1154. **S. Hardev Singh Panghlia**
Gillco Valley, Ropar

1155. **S. Surinder Singh**
Near Saini Bhawan, Ropar

1156. **S. Amrik Singh**
# 713, Giani Zail Singh Nagar, Ropar

1157. **S mt. Vijay Laxmi**
Gandhi Chowk, Ropar

1158. **Er. Karnail Singh**
# 97, Hargobind Nagar, Ropar

1159 **S. Gurnam Singh**
#196,

1148. **Smt. Harjit Kaur**
# 252, Zail Singh Nagar, Ropar

1149. **S. Surinderpal Singh**
VPO Jhallian Khurd, Ropar

1150. **S. Nirmal Singh**
VPO Bela, Distt. Ropar

1151. **S. Surinder Singh**
# 118-119, Gillco Valley, Ropar

1152. **S. Amrik Singh**
Vill. Pabari, Teh. Rajpura, Distt. Patiala

1153 **S. Baldev Singh**
Vill. Pabari, Teh. Rajpura, Distt. Patiala

1154. **S. Hardev Singh Panghlia**
Gillco Valley, Ropar

❊ ❊ ❊ ❊ ❊

### Success is Ability :

- To be happy & make others happy
- To love and be loved.
- To remain in peaceful harmony with yourself, with those around you and with God's cosmic laws.

Sadhu Vaswani



# ਪਿਆਰ ਦਾ ਪਾਤਰ-ਸੁਰਜੀਤ

ਡਾ. ਰਣਜੀਤ ਸਿੰਘ (ਤੰਬੜ)
ਲੁਧਿਆਣਾ

ਜਿੰਨਾ ਪਿਆਰ, ਸਤਿਕਾਰ ਅਤੇ ਮਾਣ ਸਨਮਾਨ ਸੁਰਜੀਤ ਪਾਤਰ ਨੂੰ ਪ੍ਰਾਪਤ ਹੋਇਆ, ਸ਼ਾਇਦ ਹੋਰ ਕਿਸੇ ਪੰਜਾਬੀ ਲੇਖਕ ਦੇ ਹਿੱਸੇ ਨਹੀਂ ਆਇਆ। ਪੰਜਾਬੀ ਸਾਹਿਤ ਦਾ ਉਹ ਕੋਈ ਅੱਧੀ ਸਦੀ ਸ਼ਹਿਨਸ਼ਾਹ ਬਣਿਆ ਰਿਹਾ। ਲੋਕੀਂ ਚੇਅਰਮੈਨੀਆਂ ਲੈਣ ਲਈ ਕਈ ਜੁਗਾੜ ਬਣਾਉਂਦੇ ਹਨ ਪਰ ਪਾਤਰ ਨੂੰ ਸਬੰਧਿਤ ਵਜ਼ੀਰ ਆਪ ਉਨ੍ਹਾਂ ਦੇ ਘਰ ਪੰਜਾਬ ਕਲਾ ਪ੍ਰੀਸ਼ਦ ਦੀ ਚੇਅਰਮੈਨੀ ਦੇਣ ਆਇਆ। ਸਰੀਰ ਦਾ ਹਲਕਾ ਫੁਲਕਾ ਤੇ ਦਿਲ ਦਾ ਮਰੀਜ਼ ਵੀ ਸੀ ਪਰ ਉਸ ਕਦੇ ਵੀ ਕਿਸੇ ਦਾ ਸੱਦਾ ਪੱਤਰ ਨਹੀਂ ਸੀ ਠੁਕਰਾਇਆ। ਲਗਭਗ ਹਰ ਰੋਜ਼ ਹੀ ਉਸ ਨੇ ਕਿਸੇ ਨਾ ਕਿਸੇ ਸਮਾਗਮ ਦੀ ਪ੍ਰਧਾਨਗੀ ਕੀਤੀ। ਉਸ ਦੀ ਸ਼ਾਇਰੀ ਦੇ ਤਾਂ ਸਾਰੇ ਹੀ ਕਾਇਲ ਸਨ ਪਰ ਜਦੋਂ ਉਹ ਆਪਣੇ ਵਿਚਾਰ ਸਾਂਝੇ ਕਰਦਾ ਸੀ ਤਾਂ ਉਨ੍ਹਾਂ ਵਿੱਚ ਨਵੀਨਤਾ ਹੁੰਦੀ ਸੀ ਤੇ ਉਸ ਦਾ ਅੰਦਾਜ਼ -ਏ-ਬਿਆਨ ਬਹੁਤ ਪ੍ਰਭਾਵਸ਼ਾਲੀ ਸੀ। ਪੰਜਾਬ ਵਿੱਚ ਹੀ ਨਹੀਂ ਸਗੋਂ ਸਾਰੇ ਸੰਸਾਰ ਵਿੱਚ ਜਿੱਥੇ ਵੀ ਪੰਜਾਬੀ ਵਸਦੇ ਹਨ ਉਹ ਉਨ੍ਹਾਂ ਦੇ ਦਿਲ ਵਿੱਚ ਵਸਦਾ ਸੀ। ਇਹ ਸ਼ਾਇਦ ਪਾਤਰ ਹੀ ਸੀ ਜਿਸ ਦੀ ਸ਼ਾਇਰੀ ਸੁਣਨ ਲੋਕ ਟਿਕਟ ਖਰੀਦ ਕੇ ਸਮਾਗਮ ਵਿੱਚ ਆਉਂਦੇ ਸਨ। ਉਹ 1972 ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਚ ਆਇਆ, ਉਦੋਂ ਹੀ ਮੈਂ ਆਪਣੀ ਪੀ.ਐਚ.ਡੀ. ਪੂਰੀ ਕਰ ਕੇ ਮੁੜ ਨੌਕਰੀ ਵਿੱਚ ਆਇਆ ਸਾਂ। ਮੇਰਾ ਇੱਕ ਸਹਿਯੋਗੀ ਇਨ੍ਹਾਂ ਦੇ ਵਿਭਾਗ ਵਿੱਚੋਂ ਆਇਆ ਸੀ, ਇਸ ਕਰਕੇ ਮਿਲਣਾ ਸੌਖਾ ਹੋ ਗਿਆ। ਪੰਜਾਬੀ ਸਾਹਿਤ ਵਿੱਚ ਰੁਚੀ ਹੋਣ ਕਰ ਕੇ ਪਾਤਰ ਨਾਲ ਨੇੜਤਾ ਹੋਣੀ ਮਾਣ ਵਾਲੀ ਪ੍ਰਾਪਤੀ ਸੀ।

ਸੁਰਜੀਤ ਆਪਣੇ ਨਾਮ ਨਾਲ ਆਪਣੇ ਪਿੰਡ ਦਾ ਨਾਂਅ ਪਾਤੜ ਲਿਖਦਾ ਸੀ। ਅੰਗਰੇਜ਼ੀ ਵਿੱਚ ਤਾਂ ਇਹ ਆਪਣੇ ਆਪ ਪਾਤਰ ਬਣ ਗਿਆ। ਪੰਜਾਬੀ ਵਿੱਚ ਪ੍ਰੀਤਲੜੀ ਨੇ ਪਾਤਰ ਬਣਾ ਦਿੱਤਾ। ਉਹ ਦੱਸਦਾ ਸੀ ਕਿ ਉਸ ਦੀਆਂ ਕਵਿਤਾਵਾਂ ਕੰਪੋਜ਼ ਕਰਦੇ ਸਮੇਂ ਕਿਸੇ ਨੇ ਵੇਖਿਆ ਕਿ 'ਪਾਤੜ' ਕੀ ਹੋਇਆ, ਪਾਤਰ ਹੋਵੇਗਾ। ਨਵਤੇਜ ਹੋਰਾਂ ਵੀ ਮੋਹਰ ਲਗਾ ਦਿੱਤੀ ਤੇ ਉਹ ਪਾਤਰ ਹੀ ਬਣ ਗਿਆ। ਜਦੋਂ ਉਹ ਪੰਜਾਬੀ ਪਿਆਰਿਆਂ ਦੇ ਸਨਮੁਖ ਹੋਇਆ ਉਦੋਂ ਪਾਸ਼, ਸ਼ਿਵ ਕੁਮਾਰ ਤੇ ਸੰਤ ਰਾਮ ਉਦਾਸੀ ਨਵੀਂ ਪੀੜ੍ਹੀ ਦੇ ਚਹੇਤੇ ਕਵੀ ਸਨ।

ਇਨ੍ਹਾਂ ਤਿੰਨਾਂ ਦੇ ਤੁਰ ਜਾਣ ਪਿੱਛੋਂ ਤਾਂ ਕੇਵਲ ਪਾਤਰ ਹੀ ਉਨ੍ਹਾਂ ਦਾ ਚਹੇਤਾ ਸ਼ਾਇਰ ਬਣ ਗਿਆ। ਪਾਤਰ ਨੇ ਕਿਸੇ ਵਿਸ਼ੇਸ਼ ਵਾਦ ਜਾਂ ਸੋਚ ਨੂੰ ਲੈ ਕੇ ਸ਼ਾਇਰੀ ਨਹੀਂ ਕੀਤੀ, ਸਗੋਂ ਜੋ ਸਾਹਮਣੇ ਵੇਖਿਆ, ਉਸੇ ਨੂੰ ਬਿਆਨਿਆਂ। ਸੰਤਾਲੀ ਦੇ ਸੰਤਾਪ ਦੀ ਦਰਦ ਭਰੀ ਕਹਾਣੀ ਬਿਆਨ ਕੀਤੀ। ਜਦੋਂ ਦੇਸ਼ ਵਿੱਚ ਐਮਰਜੈਂਸੀ ਲੱਗੀ ਉਸ ਦਾ ਵਿਰੋਧ ਕੀਤਾ। ਪੰਜਾਬ ਦੇ ਮਾੜੇ ਦਿਨਾਂ ਵਿੱਚ ਉਸ ਲਿਖਿਆ,"ਕਦੇ ਵਾਰਿਸ ਸ਼ਾਹ ਨੂੰ ਵੰਡਿਆ ਸੀ। ਹੁਣ ਸ਼ਿਵ ਦੀ ਵਾਰੀ ਹੈ"। 84 ਵਿੱਚ ਹੋਏ ਸਿੱਖਾਂ ਦੇ ਕਤਲੇਆਮ ਦੀ ਸ਼ਰਮਨਾਕ ਘਟਨਾ ਦੀ ਵੀ ਖੁੱਲ੍ਹ ਕੇ ਨਿੰਦਿਆ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਸਾਜਨਾ ਦਾ ਬਿਆਨ ਵੀ ਉਸ ਨੇ ਨਿਵੇਕਲੇ ਅੰਦਾਜ਼ ਵਿੱਚ ਕੀਤਾ। ਤਲਵਾਰ ਦੇ ਹਰੇਕ ਵਾਰ ਨਾਲ ਖਤਮ ਕੀਤੀ ਬੁਰਿਆਈ ਨੂੰ ਬਿਆਨਿਆ। ਪੰਜਾਬੀਆਂ ਦੇ ਪੰਜਾਬੀ ਤੋਂ ਮੁੱਖ ਮੋੜਨ ਦਾ ਦਰਦ ਵੀ ਉਸ ਬਿਆਨਿਆਂ।



ਟੀਸੀ 'ਤੇ ਪਹੁੰਚ ਕੇ ਵੀ ਉਹ ਹਉਮੈਂ ਤੋਂ ਨਿਰਲੇਪ ਰਿਹਾ ਪਰ ਉਸ ਨੂੰ ਆਪਣੀਆਂ ਪ੍ਰਾਪਤੀਆਂ ਉੱਤੇ ਮਾਣ ਜ਼ਰੂਰ ਸੀ। ਇੱਕ ਵਾਰ ਉਹ ਆਪਣੇ ਕਿਸੇ ਮਿੱਤਰ ਦੀ ਸਿਫਾਰਸ਼ ਕਰਨ ਗਿਆ ਅੱਗੋਂ ਸਬੰਧਿਤ ਵਿਅਕਤੀ ਨੇ ਆਪਣੀ ਮਜ਼ਬੂਰੀ ਦੱਸੀ ਉਦੋਂ ਸ਼ਾਇਦ ਪਹਿਲੀ ਤੇ ਆਖਰੀ ਵਾਰ ਉਸ ਆਖਿਆ ਸੀ, "ਤੁਹਾਡੇ ਕੋਲ ਸਿਫਾਰਸ਼ ਪਾਤਰ ਲੈ ਕੇ ਆਇਆ ਹੈ"। ਉਸ ਵਿੱਚ ਸਾਦਗੀ ਦੇ ਨਾਲ ਨਾਲ ਸਵੈਮਾਣ ਵੀ ਸੀ। ਉਸ ਦੇ ਪਾਠਕ ਤੇ ਸਾਥੀਆਂ ਨੇ ਉਸ ਨੂੰ ਪੰਜਾਬੀ ਸਾਹਿਤ ਅਕਾਡਮੀ ਦਾ ਪ੍ਰਧਾਨ ਚੁਣਿਆਂ। ਦੂਜੀ ਵਾਰ ਮੁੜ ਪ੍ਰਧਾਨ ਬਣਿਆਂ। ਤੀਜੀ ਵਾਰ ਪਾਤਰ ਨੇ ਚੋਣ ਲੜਨ ਤੋਂ ਨਾਂਹ ਕਰ ਦਿੱਤੀ ਪਰ ਬੜੀ ਮੁਸ਼ਕਿਲ ਨਾਲ ਉਸ ਨੂੰ ਰਾਜ਼ੀ ਕੀਤਾ, ਕਿਉਂਕਿ ਤੀਜੀਧਿਰ ਨੇ ਬਾਜ਼ੀ ਮਾਰ ਲੈਣੀ ਸੀ। ਮੈਨੂੰ ਉਸ ਨੇ ਅਕਾਡਮੀ ਦਾ ਮੀਡੀਆ ਸਕੱਤਰ ਬਣਾਇਆ ਤੇ ਸੁਰਮਈ ਸ਼ਾਮ ਦੇ ਨਾਮ ਹੇਠ ਮਿਆਰੀ ਗਾਇਕੀ ਦਾ ਪ੍ਰੋਗਰਾਮ ਚਾਲੂ ਕੀਤਾ ਜਿਸ ਦੀ ਹਰ ਮਹੀਨੇ ਮਕਬੂਲੀਅਤ ਵਧਦੀ ਗਈ ਤੇ ਸੰਜੀਦਾ ਗਾਇਨ ਸੁਣਨ ਵਾਲਿਆਂ ਨੇ ਪੰਜਾਬੀ ਭਵਨ ਵਿੱਚ ਆਉਣਾ ਸ਼ੁਰੂ ਕੀਤਾ। ਤੀਜੀ ਵਾਰ ਮੁੜ ਅਸੀਂ ਸਾਰਿਆਂ ਨੇ ਉਨ੍ਹਾਂ ਨੂੰ ਪ੍ਰਧਾਨ ਬਣਨ ਲਈ ਰਾਜ਼ੀ ਕੀਤਾ ਪਰ ਇਸ ਵਾਰ ਉਸ ਸ਼ਰਤ ਰੱਖੀ ਕਿ ਚੋਣ ਨਹੀਂ ਲੜਾਂਗਾ ਸਰਬਸੰਮਤੀ ਨਾਲ ਬਣਾਂਗਾ। ਇਸ ਵਿੱਚ ਕਿਸੇ ਤੀਜੀ ਧਿਰ ਨੇ ਅੜਿੱਕਾ ਡਾਹ ਦਿੱਤਾ। ਸਾਰਿਆਂ ਦੀ ਕੋਸ਼ਿਸ਼ ਦੇ ਬਾਵਜੂਦ ਤੀਜੇ ਬੰਦੇ ਨੇ ਆਪਣੀ ਨਾਮਜ਼ਦਗੀ ਵਾਪਸ ਲੈਣ ਤੋਂ ਨਾਂਹ ਕਰ ਦਿੱਤੀ। ਭਾਵੇਂ ਕਿ ਮੁਕਾਬਲਾ ਨਹੀਂ ਸੀ ਪਰ ਪਾਤਰ ਨੇ ਸਾਰਿਆਂ ਦੇ ਸਾਹਮਣੇ ਹੀ ਆਪਣਾ ਨਾਂਅ ਵਾਪਸ ਲੈ ਲਿਆ। ਕੁਦਰਤੀ ਇਸ ਚੋਣ ਦੀ ਤਿੰਨੇ ਵਾਰ ਜ਼ਿੰਮੇਵਾਰੀ ਮੇਰੀ ਹੀ ਸੀ।

ਪਾਤਰ ਨੇ ਹਮੇਸ਼ਾਂ ਸੱਚ ਦਾ ਸਾਥ ਦਿੱਤਾ। ਇੱਕ ਵਾਰ ਉਨ੍ਹਾਂ ਦੇ ਵਿਭਾਗੀ ਮੁਖੀ ਨੇ ਕਿਸੇ ਹੋਰ ਅਧਿਆਪਕ ਖਿਲਾਫ ਆਪਣੇ ਵੱਲ ਆਉਣ ਨੂੰ ਆਖਿਆ। ਉਹ ਬਹੁਤ ਦੁਖੀ ਹੋਇਆ। ਅਖੀਰ ਉਸ ਨੇ ਮੁਖੀ ਦੀ ਨਰਾਜ਼ਗੀ ਦੀ ਪ੍ਰਵਾਹ ਨਾ ਕਰਦਿਆਂ ਸੱਚ ਦਾ ਸਾਥ ਦਿੱਤਾ। ਕਿਸੇ ਸਮਾਗਮ ਵਿੱਚ ਮੈਨੂੰ ਇੱਕ ਜੱਜ ਸਾਹਿਬ ਨੂੰ ਮਿਲਣ ਦਾ ਮੌਕਾ ਮਿਲਿਆ। ਉਸ ਦੱਸਿਆ ਕਿ ਇੱਕ ਵਾਰ ਮੈਂ ਕਵਿਤਾ ਉਚਾਰਨ ਪ੍ਰਤਿਯੋਗਤਾ ਵਿੱਚ ਭਾਗ ਲਿਆ ਸੀ। ਮੈਂ ਪਾਤਰ ਸਾਹਿਬ ਦੀ ਕਵਿਤਾ ਦਾ ਉਚਾਰਨ ਕੀਤਾ। ਮੇਰੀ ਕਵਿਤਾ ਬਹੁਤ ਸਲਾਹੀ ਗਈ ਤੇ ਜਾਪਦਾ ਸੀ ਕਿ ਇਨਾਮ ਮੈਨੂੰ ਹੀ ਮਿਲੇਗਾ। ਪਾਤਰ ਜੱਜ ਦੀ ਕੁਰਸੀ 'ਤੇ ਬੈਠਾ ਸੀ। ਇਨਾਮ ਕਿਸੇ ਹੋਰ ਨੂੰ ਮਿਲ ਗਿਆ। ਉਸ ਦੱਸਿਆ ਕਿ ਪਾਤਰ ਹੋਰੀਂ ਵਿਸ਼ੇਸ਼ ਤੌਰ 'ਤੇ ਮੈਨੂੰ ਮਿਲਣ ਆਏ ਤੇ ਆਖਿਆ, 'ਇਨਾਮ ਦਾ ਤਾਂ ਤੂੰ ਹੀ ਹੱਕਦਾਰ ਹੈਂ ਪਰ ਜੇ ਤੈਨੂੰ ਇਨਾਮ ਦੇ ਦਿੰਦੇ ਤਾਂ ਲੋਕਾਂ ਆਖਣਾ ਸੀ ਕਿ ਪਾਤਰ ਨੇ ਆਪਣੀ ਕਵਿਤਾ ਕਰਕੇ ਇਹ ਫੈਸਲਾ ਕੀਤਾ ਹੈ'।

ਮੈਨੂੰ ਆਪਣੀ ਨੌਕਰੀ ਦੇ ਸਿਲਸਿਲੇ ਵਿੱਚ ਪਿੰਡਾਂ , ਸਕੂਲਾਂ ਕਾਲਜਾਂ ਤੇ ਸਿਖਲਾਈ ਪ੍ਰੋਗਰਾਮਾਂ ਵਿੱਚ ਜਾਣਾ ਪੈਂਦਾ ਸੀ। ਜਿਹੜੇ ਮੈਨੂੰ ਜਾਣਦੇ ਸਨ ਉਨ੍ਹਾਂ ਦਾ ਪਹਿਲਾ ਸਵਾਲ ਹੁੰਦਾ ਸੀ, "ਪਾਤਰ ਸਾਹਿਬ ਦਾ ਕੀ ਹਾਲ ਹੈ"। ਜਿਹੜੇ ਮੇਰੇ ਵਾਕਿਫ ਨਹੀਂ ਸੀ ਹੁੰਦੇ ਜਦੋਂ ਉਨ੍ਹਾਂ ਨੂੰ ਪਤਾ ਲਗਦਾ ਕਿ ਮੈਂ ਖੇਤੀਬਾੜੀ ਯੂਨੀਵਰਸਿਟੀ ਤੋਂ ਆਇਆ ਹਾਂ ਤਾਂ ਉਚੇਚੇ ਤੌਰ 'ਤੇ ਪੁੱਛਦੇ, "ਤੁਸੀਂ ਪਾਤਰ ਸਾਹਿਬ ਨੂੰ ਜਾਣਦੇ ਹੋ?"

ਪੰਜਾਬ ਕਲਾ ਪ੍ਰੀਸ਼ਦ ਵਲੋਂ ਹਰ ਸਾਲ ਡਾ.ਮਹਿੰਦਰ ਸਿੰਘ ਰੰਧਾਵਾ ਦੇ ਜਨਮ ਦਿਨ ਮੌਕੇ ਫਰਵਰੀ ਤੋਂ ਰੰਧਾਵਾ ਉਤਸਵ ਮਨਾਇਆ ਜਾਂਦਾ ਹੈ। ਪਾਤਰ ਸਾਹਿਬ ਚੇਅਰਮੈਨ ਸਨ। ਕਾਂਗਰਸ ਸਰਕਾਰ ਨੇ ਇਹ ਜ਼ਿੰਮੇਵਾਰੀ ਸੌਂਪੀ ਸੀ ਤੇ ਦੂਜੀ ਪਾਰਟੀ ਦੀ ਨਵੀਂ ਸਰਕਾਰ ਨੇ ਵੀ ਇਸੇ ਨੂੰ ਕਾਇਮ ਰੱਖਿਆ ਤੇ ਪਾਤਰ ਆਖਰੀ ਸਾਹ ਤੱਕ ਇਸੇ ਪੱਦਵੀ 'ਤੇ ਰਹੇ। ਇਹ ਵੀ ਇੱਕ ਵਿਸ਼ੇਸ਼ ਪ੍ਰਾਪਤੀ ਹੈ। ਇਨ੍ਹਾਂ ਦਾ ਇਕ ਦਿਨ ਫੋਨ ਆਇਆ, "ਡਾ. ਸ਼ਾਹਿਬ! ਦੋ ਫਰਵਰੀ ਨੂੰ ਸਾਨੂੰ ਤੁਹਾਡੀ ਲੋੜ ਹੈ"। ਮੇਰੇ ਲਈ ਇਹ ਵੀ ਇੱਕ ਪ੍ਰਾਪਤੀ ਸੀ ਕਿ ਮਹਾਨ ਕਵੀ ਬੁਲਾ ਰਿਹਾ ਹੈ। ਮੈਂ ਆਖਿਆ 'ਹੁਕਮ ਕਰੋ'। "ਇਸ ਵਾਰ ਅਸੀਂ ਫੈਸਲਾ ਕੀਤਾ ਹੈ ਕਿ ਡਾ. ਰੰਧਾਵਾ ਬਾਰੇ ਭਾਸ਼ਣ ਤੁਹਾਥੋਂ ਕਰਵਾਇਆ ਜਾਵੇ"। ਮੇਰਾ ਉੱਤਰ ਸੀ ਕਿ ਇਹ ਮੇਰਾ ਸੁਭਾਗ ਹੈ ਪਰ ਮੇਰਾ ਨੰਬਰ ਕਿਵੇਂ ਲੱਗ ਗਿਆ? ਮੈਥੋਂ ਵੱਧ ਸੂਝਵਾਨ ਬੈਠੇ ਹਨ। ਪਾਤਰ ਦਾ ਉੱਤਰ ਸੀ, " ਇਹ ਅਸੀਂ ਦੇਖਣਾ ਹੈ ਤੁਸੀਂ ਚਾਰ ਕੁ ਵਜੇ ਤੱਕ ਕਲਾ ਭਵਨ ਪਹੁੰਚ ਜਾਣਾ"। ਉੱਥੇ ਪਾਤਰ, ਲਖਵਿੰਦਰ ਜੌਹਲ ਤੇ ਨਿੰਦਰ ਨੇ ਖੁਬ ਆਉ ਭਗਤ ਕੀਤੀ। ਚਰਨਜੀਤ ਚੰਨੀ ਉਦੋਂ ਇਸ ਮਹਿਕਮੇ ਦੇ ਮੰਤਰੀ ਸਨ। ਉਹ ਛੇ ਕੁ ਵਜੇ ਆਏ ਤੇ ਪ੍ਰੋਗ੍ਰਾਮ ਸ਼ੁਰੂ ਹੋਇਆ। ਮੇਰਾ ਲੈਕਚਰ ਹੀ ਨਹੀਂਸਗੋਂ ਢੁਕਵਾਂ ਮਾਣ ਸਨਮਾਨ ਵੀ ਕੀਤਾ ਗਿਆ। ਪਾਤਰ ਨੇ ਵਡਿਆਉਂਦਿਆਂ ਆਖਿਆ, "ਰੰਧਾਵਾ ਸਾਹਿਬ ਬਾਰੇ ਦੱਸੀਆਂ ਬਹੁਤੀਆਂ ਗੱਲਾਂ ਦਾ ਤਾਂ ਸਾਨੂੰ ਪਤਾ ਹੀ ਨਹੀਂ ਸੀ"।

ਆਧੁਨਿਕ ਸਮੇਂ ਦੇ ਪੰਜਾਬੀ ਕਵੀਆਂ ਵਿੱਚ ਜਿੰਨਾਂ ਪਾਤਰ ਦੀਆਂ ਰਚਨਾਵਾਂ ਨੂੰ ਗਾਇਆ ਗਿਆ ਹੈ, ਸ਼ਾਇਦ ਹੋਰ ਕਿਸੇ ਕਵੀ ਨੂੰ ਇਹ ਮਾਣ ਹਾਸਲ ਹੋਇਆ ਹੋਵੇ। ਪੰਜਾਬੀ ਦੇ ਪ੍ਰਸਿੱਧ ਗਾਇਕਾਂ ਤੋਂ ਬਿਨਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਇਨ੍ਹਾਂ ਦੇ ਛੋਟੇ ਭਰਾ, ਪੁੱਤਰ ਅਤੇ ਜੀਵਨ ਸਾਥਣ ਦੀਆਂ ਮਧੁਰ ਆਵਾਜ਼ਾਂ ਨੇ ਸੋਨੇ ਉੱਤੇ ਸੁਹਾਗੇ ਦਾ ਕੰਮ ਕੀਤਾ ਹੈ। ਸਾਰੇ ਹੀ ਉਨ੍ਹਾਂ ਨੂੰ ਆਪਣਾ ਕਰੀਬੀ ਸਮਝਦੇ ਸਨ। ਉਹ ਯੁੱਗ ਕਵੀ ਹੀ ਨਹੀਂ ਸਗੋਂ ਧਰਮੀ ਬੰਦਾ ਵੀ ਸੀ। ਪੰਜਾਬੀ ਦੇ ਕਈ ਚੋਟੀ ਦੇ ਲੇਖਕਾਂ ਦਾ ਅਖੀਰਲਾ ਸਮਾਂ ਬੜਾ ਦੁੱਖਦਾਈ ਸੀ ਪਰ ਪਾਤਰ ਤਾਂ ਸਾਰਾ ਕੰਮ ਨਿਬੇੜ ਅਰਾਮ ਨਾਲ ਸੁੱਤਾ ਤੇ ਸੁੱਤਾ ਹੀ ਰਹਿ ਗਿਆ। ਅਜਿਹੇ ਜਾਣ ਵਾਲੇ ਨੂੰ ਆਮ ਕਰ ਕੇ 'ਧਰਮੀ ਬੰਦਾ' ਆਖਿਆ ਜਾਂਦਾ ਹੈ। ਉਹ ਸਚਮੁੱਚ ਸੰਤ ਸੁਭਾਓ ਵਾਲਾ ਧਰਮੀ ਬੰਦਾ ਸੀ।

ਫੋਨ 9417087328

❊ ❊ ❊ ❊ ❊

ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ,
ਅਸੀਂ ਰਹਿ ਗਏ ਬਿਰਖ ਵਾਲੀ ਹਾਅ ਬਣ ਕੇ।
ਜਦੋਂ ਮਿਲਿਆ ਸੀ ਹਾਣ ਦਾ ਸੀ ਸਾਂਵਰਾ ਜਿਹਾ,
ਜਦੋਂ ਜੁਦਾ ਹੋਇਆ ਤੁਰ ਗਿਆ ਖੁਦਾ ਬਣ ਕੇ।

ਲੱਗੀ ਨਜ਼ਰ ਪੰਜਾਬ ਨੂੰ ਏਦੀ ਨਜ਼ਰ ਉਤਾਰੋ,
ਲੈ ਕੇ ਮਿਰਚਾਂ ਕੌੜੀਆਂ ਏਹਦੇ ਸਿਰ ਤੋਂ ਵਾਰੋ।
ਸਿਰ 'ਤੋਂ ਵਾਰੋ ਵਾਰ ਕੇ ਅੱਗ ਦੇ ਵਿੱਚ ਸਾੜੋ
ਲੱਗੀ ਨਜ਼ਰ ਪੰਜਾਬ ਨੂੰ ਏਦੀ ਨਜ਼ਰ ਉਤਾਰੋ।
ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ।
ਯੁਗਾਂ ਤੋਂ ਕਾਫਲੇ ਆਉਂਦੇ, ਇਸੇ ਸੱਚ ਦੇ ਗਵਾਹ ਬਣਦੇ।

ਮੈਂ ਨਹੀਂ ਰਹਾਂਗਾ, ਮੇਰੇ ਗੀਤ ਰਹਿਣਗੇ,
ਪਾਣੀ ਨੇ ਮੇਰੇ ਗੀਤ ਮੈਂ ਪਾਣੀ 'ਤੇ ਲੀਕ ਹਾਂ।
ਏਨਾ ਸੱਚ ਨਾ ਬੋਲ ਕਿ ਕੱਲਾ ਰਹਿ ਜਾਵੇਂ,
ਚਾਰ ਕੁ ਬੰਦੇ ਛੱਡ ਲੈ, ਮੋਢਾ ਦੇਣ ਲਈ।

ਜੇ ਆਈ ਪਤਝੜ ਤਾਂ ਫੇਰ ਕੀ ਹੈ
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ।
ਮੈਂ ਲੱਭ ਕੇ ਕਿਤਿਓਂ ਲਿਆਉਨਾ ਕਲਮਾਂ,
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

ਏਥੋਂ ਕੁੱਲ ਪਰਿੰਦੇ ਹੀ ਉੜ ਗਏ,
ਏਥੇ ਮੇਘ ਆਉਂਦੇ ਵੀ ਮੁੜ ਗਏ।
ਏਥੇ ਕਰਨ ਅਜ ਕਲ੍ਹ ਬਿਰਖ ਵੀ,
ਕਿਤੇ ਹੋਰ ਜਾਣ ਦੇ ਮਸ਼ਵਰੇ।

❊ ❊ ❊ ❊ ❊

ਵਿਗਿਆਨ ਜੀਵਨ

# ਬ੍ਰਹਿਮੰਡ ਦੀ ਦੁਰਲਭ ਸ਼ੈਅ

**ਹਰਜੀਤ ਸਿੰਘ**
**ਵਿਗਿਆਨੀ ਇਸਰੋ**



ਅਕਸਰ ਅਸੀਂ ਵਿਗਿਆਨਕ ਰਸਾਲਿਆਂ ਜਾਂ ਲੇਖਾਂ ਵਿੱਚ ਪੜ੍ਹਦੇ ਹਾਂ ਕਿ ਵਿਗਿਆਨੀਆਂ ਨੂੰ ਫ਼ਲਾਣੇ ਤਾਰੇ ਦੁਆਲੇ ਗ੍ਰਹਿ ਮਿਲਿਆ ਹੈ ਜਿਸ ਵਿੱਚ ਜੀਵਨ ਪਨਪ ਸਕਦਾ ਹੈ ਜਾਂ ਹੋ ਸਕਦਾ ਹੈ। ਪਰ ਜਿੰਨਾ ਕੁ ਅਤੇ ਜਿੱਥੋਂ ਤੱਕ ਅਸੀਂ ਜਾਣਦੇ ਹਾਂ, ਜੀਵਨ ਸਿਰਫ਼ ਧਰਤੀ 'ਤੇ ਮੌਜੂਦ ਹੈ। ਕਿਹਾ ਜਾਂਦਾ ਹੈ ਕਿ ਧਰਤੀ 'ਤੇ ਜੀਵਨ ਲਈ ਸਹੀ ਹਾਲਾਤ ਮੌਜੂਦ ਸਨ, ਸੋ ਇੱਥੇ ਜੀਵਨ ਪਨਪ ਸਕਿਆ। ਪਰ ਕੀ ਇਸ ਬ੍ਰਹਿਮੰਡ ਵਿੱਚ ਕਿਤੇ ਵੀ, ਸੌਰ ਮੰਡਲ ਤੋਂ ਬਾਹਰ ਕਿਸੇ ਹੋਰ ਗਲੈਕਸੀ ਦੇ ਕਿਸੇ ਤਾਰੇ ਦੁਆਲੇ ਘੁੰਮਦੇ ਕਿਸੇ ਗ੍ਰਹਿ 'ਤੇ ਵੀ ਜੀਵਨ ਹੈ? ਵਿਗਿਆਨੀ ਲਗਾਤਾਰ ਅਜਿਹੇ ਗ੍ਰਹਿਆਂ ਨੂੰ ਲੱਭਦੇ ਰਹਿੰਦੇ ਹਨ ਜਿੱਥੇ ਜੀਵਨ ਦੇ ਪਣਪਨ ਲਈ ਸਹੀ ਹਾਲਾਤ ਹੋਣ। ਇਹ ਹਾਲਾਤ ਅਸੀਂ ਧਰਤੀ ਦੇ ਹਾਲਤਾਂ ਨੂੰ ਆਧਾਰ ਬਣਾ ਕੇ ਮਿੱਥੇ ਹਨ। ਇਸ ਦਾ ਕਾਰਨ ਇਹ ਹੈ ਕਿ ਸਾਨੂੰ ਹੋਰ ਕਿਸੇ ਕਿਸਮ ਦੇ ਹਾਲਾਤ ਵਿੱਚ ਪਣਪਨ ਵਾਲੇ ਜੀਵਨ ਬਾਰੇ ਨਹੀਂ ਪਤਾ, ਪਰ ਇਹ ਜ਼ਰੂਰ ਪਤਾ ਹੈ ਕਿ ਜੀਵਨ ਧਰਤੀ ਵਰਗੇ ਹਾਲਾਤ 'ਤੇ ਜ਼ਰੂਰ ਪਣਪ ਸਕਦਾ ਹੈ।

ਸਭ ਤੋਂ ਪਹਿਲਾਂ ਅਸੀਂ ਜਿਸ ਚੀਜ਼ ਦੀ ਖੋਜ ਕਰਦੇ ਹਾਂ, ਉਹ ਹੈ ਤਰਲ ਪਾਣੀ। ਅਸੀਂ ਮੰਨ ਕੇ ਚੱਲਦੇ ਹਾਂ ਕਿ ਜਲ ਬਿਨਾਂ ਜੀਵਨ ਸੰਭਵ ਨਹੀਂ। ਪਾਣੀ ਨੂੰ ਤਰਲ ਰੂਪ ਵਿੱਚ ਮੌਜੂਦ ਹੋਣ ਲਈ ਗ੍ਰਹਿ ਨੂੰ ਆਪਣੇ ਤਾਰੇ ਤੋਂ ਇੱਕ ਖਾਸ ਦੂਰੀ 'ਤੇ ਰਹਿਣਾ ਹੋਵੇਗਾ। ਨਾ ਜ਼ਿਆਦਾ ਨੇੜੇ ਨਾ ਜ਼ਿਆਦਾ ਦੂਰ। ਜ਼ਿਆਦਾ ਨੇੜੇ ਹੋਣ 'ਤੇ ਗ੍ਰਹਿ ਜ਼ਿਆਦਾ ਗਰਮ ਹੋਵੇਗਾ ਅਤੇ ਪਾਣੀ ਭਾਫ਼ ਬਣ ਕੇ ਉਡ ਜਾਵੇਗਾ। ਜ਼ਿਆਦਾ ਦੂਰ ਹੋਣ 'ਤੇ ਇਹ ਬਰਫ਼ ਬਣ ਕੇ ਜੰਮ ਜਾਵੇਗਾ। ਇਸ ਖ਼ਾਸ ਦੂਰੀ ਨੂੰ ਰਹਿਣਯੋਗ ਖੇਤਰ ਜਾਂ ਗੋਲਡੀਲੌਕਸ ਜ਼ੋਨ ਕਹਿੰਦੇ ਹਨ।

ਗੋਲਡੀਲੌਕਸ ਜ਼ੋਨ ਦਾ ਹਿਸਾਬ ਲਾਉਣ ਲਈ ਸਾਨੂੰ ਤਾਰੇ ਵਿੱਚੋਂ ਨਿਕਲਦੀ ਕੁੱਲ ਰੇਡੀਏਸ਼ਨ ਦਾ ਪਤਾ ਹੋਣਾ ਜ਼ਰੂਰੀ ਹੈ। ਵੱਡੇ ਅਤੇ ਗਰਮ ਤਾਰੇ ਲਈ ਇਹ ਜ਼ੋਨ ਦੂਰ ਹੋਵੇਗਾ ਅਤੇ ਠੰਢੇ ਤੇ ਛੋਟੇ ਤਾਰੇ ਲਈ ਨੇੜੇ। ਇਸ ਦੇ ਨਾਲ ਹੀ ਸਾਨੂੰ ਗ੍ਰਹਿ ਦੇ ਵਾਯੂਮੰਡਲ ਬਾਰੇ ਵੀ ਪਤਾ ਹੋਣਾ ਜ਼ਰੂਰੀ ਹੈ। ਜੇਕਰ ਵਾਯੂਮੰਡਲ ਵਿੱਚ ਗ੍ਰੀਨ ਹਾਊਸ ਗੈਸਾਂ ਵਰਗੇ ਤੱਤਾਂ ਦੀ ਮਾਤਰ ਜ਼ਿਆਦਾ ਹੈ, ਜੋ ਤਾਰੇ ਤੋਂ ਆਉਂਦੀ ਗਰਮੀ ਨੂੰ ਸੋਖ ਸਕਦੇ ਹਨ, ਤਾਂ ਗ੍ਰਹਿ ਦਾ ਤਾਪਮਾਨ ਵੱਧ ਹੋ ਸਕਦਾ ਹੈ ਅਤੇ ਉਸ ਗ੍ਰਹਿ 'ਤੇ ਜ਼ਿਆਦਾ ਦੂਰੀ 'ਤੇ ਵੀ ਤਰਲ ਪਾਣੀ ਰਹਿ ਸਕਦਾ ਹੈ। ਆਜਿਹੇ ਤੱਤਾਂ ਦੀ ਬਹੁਤਾਤ ਗ੍ਰਹਿ ਦਾ ਤਾਪਮਾਨ ਬਹੁਤ ਜ਼ਿਆਦਾ ਵੀ ਵਧਾ ਸਕਦੀ ਹੈ। ਮਸਲਨ ਸ਼ੁੱਕਰ ਗ੍ਰਹਿ ਅਸਲ ਵਿੱਚ ਸੌਰ ਮੰਡਲ ਦੇ ਰਹਿਣਯੋਗ ਖੇਤਰ ਦੇ ਅੰਦਰ ਆਉਂਦਾ ਹੈ ਅਤੇ ਪਾਣੀ ਇੱਥੇ ਤਰਲ ਰੂਪ ਵਿੱਚ ਹੋਣਾ ਚਾਹੀਦਾ ਹੈ, ਪਰ ਇਸ ਦੇ ਵਾਯੂਮੰਡਲ ਵਿੱਚ ਕਾਰਬਨਡਾਇਆਕਸਾਈਡ ਏਨੀ ਜ਼ਿਆਦਾ ਹੈ ਕਿ ਇਸ ਦਾ ਤਾਪਮਾਨ 460 ਡਿਗਰੀ ਸੈਲਸੀਅਸ ਤੋਂ ਵੀ ਉੱਪਰ ਰਹਿੰਦਾ ਹੈ ਜਿਸ ਕਰਕੇ ਤਰਲ ਪਾਣੀ ਹੋਣਾ ਸੰਭਵ ਨਹੀਂ ਹੈ। ਇਸੇ ਤਰ੍ਹਾਂ ਸਾਡਾ ਉੱਪਗ੍ਰਹਿ ਚੰਨ ਅਤੇ ਇੱਕ ਬੌਣਾ ਗ੍ਰਹਿ ਸੀਰੀਸ ਵੀ ਰਹਿਣਯੋਗ ਖੇਤਰ ਦੇ ਅੰਦਰ ਹਨ, ਪਰ ਛੋਟਾ ਆਕਾਰ ਹੋਣ ਕਰਕੇ ਵਾਯੂਮੰਡਲ ਨੂੰ ਸੰਭਾਲ ਨਹੀਂ ਸਕਦੇ, ਜਿਸ ਕਰਕੇ ਪਾਣੀ ਨੂੰ ਆਮ ਤਾਪਮਾਨ 'ਤੇ ਤਰਲ ਰੂਪ ਵਿੱਚ ਰਹਿਣ ਲਈ ਲੋੜੀਂਦਾ ਦਬਾਅ ਨਹੀਂ ਮਿਲਦਾ।

ਸੋ ਤਾਰੇ ਦੇ ਆਕਾਰ, ਤਾਪਮਾਨ, ਗ੍ਰਹਿ ਦੂਰੀ ਅਤੇ ਵਾਯੂਮੰਡਲ ਦਾ ਹਿਸਾਬ ਲਗਾ ਕੇ ਅਸੀਂ ਉਸ ਤਾਰੇ ਦਾ ਗੋਲਡੀਲੌਕਸ ਜ਼ੋਨ ਲੱਭ ਸਕਦੇ ਹਾਂ। ਜੇਕਰ ਸਭ ਕੁੱਝ ਠੀਕ ਹੈ ਤਾਂ ਅਸੀਂ ਉੱਥੇ ਜੀਵਨ ਦੇ ਪਣਪਨ ਦੀ ਉਮੀਦ ਕਰ ਸਕਦੇ ਹਾਂ। ਹਰੇਕ ਤਾਰੇ ਵਿੱਚੋਂ ਨਿਯਮਿਤ ਰੂਪ ਵਿੱਚ ਚਾਰਜਿਤ ਕਣ ਨਿਕਲਦੇ ਹਨ। ਇਨ੍ਹਾਂ ਨੂੰ ਫਲੇਅਰਜ਼ ਕਿਹਾ ਜਾਂਦਾ ਹੈ। ਛੋਟੇ ਅਤੇ ਠੰਢੇ ਤਾਰਿਆਂ ਵਿੱਚ ਇਹ ਸਰਗਰਮੀ ਜ਼ਿਆਦਾ ਹੁੰਦੀ ਹੈ। ਜੇਕਰ ਇਹ ਸਰਗਰਮੀ ਬਹੁਤ ਜ਼ਿਆਦਾ ਅਤੇ ਤਾਕਤਵਰ ਹੋਵੇ ਤਾਂ ਇਹ ਗ੍ਰਹਿ ਦੇ ਵਾਯੂਮੰਡਲ ਨੂੰ ਹੌਲੀ ਹੌਲੀ ਖੋਰ ਦੇਵੇਗੀ ਅਤੇ ਗ੍ਰਹਿ 'ਤੇ ਕੋਈ ਵਾਯੂਮੰਡਲ ਨਹੀਂ ਬਚੇਗਾ। ਵਾਯੂਮੰਡਲ ਨਹੀਂ ਤਾਂ ਜੀਵਨ ਨਹੀ। ਸੂਰਜ ਵਿੱਚੋਂ ਵੀ ਇਹ ਫਲੇਅਰਜ਼ ਨਿਕਲਦੀਆਂ ਰਹਿੰਦੀਆਂ ਹਨ। ਮੰਨਿਆਂ ਜਾਂਦਾ ਹੈ ਕਿ ਮੰਗਲ ਗ੍ਰਹਿ 'ਤੇ ਵੀ ਕਦੇ ਸੰਘਣਾ ਵਾਯੂਮੰਡਲ ਹੁੰਦਾ ਸੀ, ਧਰਤੀ ਵਾਂਗ। ਪਰ ਸੂਰਜ ਤੋਂ ਆਉਂਦੀਆਂ ਫਲੇਅਰਜ਼ ਇਸ ਨੂੰ ਆਪਣੇ ਨਾਲ ਵਹਾਅ ਕੇ ਲੈ ਗਈਆਂ ਅਤੇ ਮੰਗਲ ਬੇਜਾਨ ਗ੍ਰਹਿ ਬਣ ਗਿਆ। ਧਰਤੀ ਤਾਂ ਸੂਰਜ ਦੇ ਹੋਰ ਨੇੜੇ ਹੈ, ਇਸ ਦਾ ਵਾਯੂਮੰਡਲ ਕਿਵੇਂ ਬਚ ਗਿਆ? ਉੱਤਰ ਹੈ ਧਰਤੀ ਦਾ ਚੁੰਬਕੀ ਖੇਤਰ। ਦਿਸ਼ਾਵਾਂ ਦੇ ਲੱਭਣ ਵਿੱਚ ਮਦਦ ਕਰਨ ਦੇ ਨਾਲ ਨਾਲ ਇਹ ਚੁੰਬਕੀ ਖੇਤਰ ਧਰਤੀ ਦੀ ਢਾਲ ਦਾ ਕੰਮ ਵੀ ਕਰਦਾ ਹੈ ਅਤੇ ਸੂਰਜ ਤੋਂ ਆਉਣ ਵਾਲੇ ਚਾਰਜਿਤ ਕਣਾਂ ਨੂੰ ਉੱਪਰੋਂ ਹੀ ਪਰੇ ਧੱਕ ਦਿੰਦਾ ਹੈ। ਧਰੁਵਾਂ 'ਤੇ ਦਿਸਣ ਵਾਲੀਆਂ ਰੌਸ਼ਨੀਆਂ ਵੀ ਇਨ੍ਹਾਂ ਕਣਾਂ ਦੀ ਧਰਤੀ ਦੇ ਉੱਪਰਲੇ ਵਾਯੂਮੰਡਲ ਨਾਲ ਕਿਰਿਆ ਕਾਰਨ ਹੀ ਬਣਦੀਆਂ ਹਨ। ਸੂਰਜ ਦਾ ਚੁੰਬਕੀ ਖੇਤਰ ਪੁਲਾੜ ਵਿੱਚੋਂ ਆਉਣ ਵਾਲੇ ਕਣਾਂ ਤੋਂ ਪੂਰੇ ਸੌਰ ਮੰਡਲ ਦੀ ਰੱਖਿਆ ਵੀ ਕਰਦਾ ਹੈ।

ਗ੍ਰਹਿ ਦੀ ਤਾਰੇ ਦੁਆਲੇ ਸਥਿਤੀ ਤੋਂ ਅੱਗੇ ਜਾਇਆ ਜਾਵੇ ਤਾਂ ਤਾਰੇ ਦੀ ਆਪਣੀ ਗਲੈਕਸੀ ਵਿੱਚ ਸਥਿਤੀ ਵੀ ਜੀਵਨ ਦੇ ਪਣਪਨ ਲਈ ਬਹੁਤ ਜ਼ਰੂਰੀ ਹੈ। ਇੱਥੇ ਵੀ ਗੋਲਡੀਲੌਕਸ ਜ਼ੋਨ ਦਾ ਸਿਧਾਂਤ ਲਾਗੂ ਹੁੰਦਾ ਹੈ। ਜੀਵਨ ਨੂੰ ਪਣਪਨ ਅਤੇ ਵਿਕਸਿਤ ਹੋਣ ਲਈ ਇੱਕ ਸਥਿਰ ਵਾਤਾਵਰਨ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਜ਼ਰੂਰੀ ਹੈ ਕਿ ਤਾਰੇ ਦੇ ਆਸਪਾਸ ਕੋਈ ਵੱਡੀ ਘਟਨਾ ਨਾ ਹੋਵੇ ਜੋ ਗ੍ਰਹਿ ਦੇ ਵਾਤਾਵਰਨ ਨੂੰ

ਵਿਗਾੜ ਸਕੇ। ਸੁਪਰਨੋਵਾ ਵਿਸਫੋਟ ਇੱਕ ਅਜਿਹੀ ਹੀ ਘਟਨਾ ਹੈ। ਕਿਸੇ ਗ੍ਰਹਿ ਦੇ ਗੁਆਂਢ ਵਿੱਚ ਹੋਇਆ ਸੁਪਰਨੋਵਾ ਧਮਾਕਾ ਇੰਨਾ ਸ਼ਕਤੀਸ਼ਾਲੀ ਹੁੰਦਾ ਹੈ ਕਿ ਉਹ ਉਸ ਗ੍ਰਹਿ ਦੇ ਪੂਰੇ ਵਾਤਾਵਰਨ ਨੂੰ ਤਹਿਸ-ਨਹਿਸ ਕਰ ਕੇ ਜੀਵਨ ਨੂੰ ਖਤਮ ਕਰ ਦੇਵੇ। ਕਿਸੇ ਵੀ ਗਲੈਕਸੀ ਦੇ ਕੇਂਦਰ ਨੇੜੇ ਤਾਰਿਆਂ ਦੀ ਘਣਤਾ ਜ਼ਿਆਦਾ ਹੁੰਦੀ ਹੈ ਅਤੇ ਤਾਰੇ ਭਾਰੇ ਵੀ ਹੁੰਦੇ ਹਨ। ਇਸ ਲਈ ਉੱਥੇ ਸੁਪਰਨੋਵਾ ਵਿਸਫੋਟ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਦੂਸਰੇ ਉੱਥੇ ਗੁਆਂਢੀ ਤਾਰਿਆਂ ਦੇ ਗੁਰੂਤਾ ਪ੍ਰਭਾਵ ਕਰ ਕੇ ਗ੍ਰਹਿਆਂ ਦੇ ਪੰਧ ਵਿਗੜਨ ਅਤੇ ਉਲਕਾ ਪਿੰਡਾਂ ਦੇ ਗ੍ਰਹਿਆਂ ਨਾਲ ਟਕਰਾਉਣ ਦੀ ਸੰਭਾਵਨਾ ਵੀ ਜ਼ਿਆਦਾ ਹੁੰਦੀ ਹੈ। ਅਜਿਹੀ ਜਗ੍ਹਾ 'ਤੇ ਜੀਵਨ ਦਾ ਪਣਪਨਾ ਔਖਾ ਹੈ। ਗਲੈਕਸੀ ਦੇ ਕੇਂਦਰ ਤੋਂ ਦੂਰ ਜਾਂਦਿਆਂ ਤਾਰਿਆਂ ਦੀ ਘਣਤਾ ਘਟਦੀ ਜਾਂਦੀ ਹੈ ਸੋ ਇਹ ਸਮੱਸਿਆ ਨਹੀਂ ਆਉਂਦੀ, ਪਰ ਨਾਲ ਹੀ ਭਾਰੇ ਤੱਤਾਂ ( ਹਾਈਡਰੋਜਨ ਅਤੇ ਹੀਲੀਅਮ ਤੋਂ ਭਾਰੇ) ਦੀ ਮਾਤਰਾ ਵੀ ਘਟਦੀ ਜਾਂਦੀ ਹੈ। ਭਾਰੇ ਤੱਤਾਂ ਦੀ ਅਣਹੋਂਦ ਕਰ ਕੇ ਧਰਤੀ ਵਰਗੇ ਚੱਟਾਨੀ ਗ੍ਰਹਿ ਬਣਨੇ ਔਖੇ ਹਨ ਅਤੇ ਜ਼ਿਆਦਾਤਰ ਗ੍ਰਹਿ ਗੈਸੀ ਹੀ ਰਹਿ ਜਾਂਦੇ ਹਨ। ਸੋ ਗਲੈਕਸੀ ਦੇ ਕੇਂਦਰ ਤੋਂ ਖਾਸ ਦੂਰੀ ਵੀ ਜ਼ਰੂਰੀ ਹੈ। ਇੱਥੇ ਇਹ ਵੀ ਗੌਰਤਲਬ ਹੈ ਕਿ ਸਾਡਾ ਸੂਰਜ, ਅਕਾਸ਼ ਗੰਗਾ ਦੇ ਕੇਂਦਰ ਤੋਂ ਦੂਰ, ਦੋ ਮੁੱਖ ਬਾਹਾਂ-ਸੈਜੇਟੇਰੀਅਸ ਅਤੇ ਪਰਸੀਅਸ ਦੇ ਵਿਚਕਾਰ ਇੱਕ ਘੱਟ ਘਣਤਾ ਵਾਲੀ ਛੋਟੀ ਬਾਂਹ, ਓਰੀਅਨ ਵਿੱਚ ਸਥਿਤ ਹੈ ਜਿੱਥੇ ਬਾਹਰੀ ਗੜਬੜ ਦੀ ਸੰਭਾਵਨਾ ਘੱਟ ਹੈ।

ਇਸ ਸਭ ਤੋਂ ਇਹ ਗੱਲ ਤਾਂ ਸਾਫ਼ ਹੈ ਕਿ ਜੀਵਨ ਦੇ ਪਣਪਨ ਅਤੇ ਜਟਿਲ ਜੀਵਨ ਦੇ ਵਿਕਾਸ ਲਈ ਲੋੜੀਂਦੇ ਹਾਲਾਤ ਕਈ ਸਾਰੇ ਪਹਿਲੂਆਂ 'ਤੇ ਨਿਰਭਰ ਕਰਦੇ ਹਨ ਅਤੇ ਸਾਰੇ ਸਹੀ ਹਾਲਾਤ ਦਾ ਮੇਲ ਹੋਣਾ ਆਮ ਗੱਲ ਨਹੀਂ ਹੈ। 2011 ਦੀ ਇੱਕ ਖੋਜ ਮੁਤਾਬਕ ਸਾਡੀ ਅਕਾਸ਼ ਗੰਗਾ ਦੇ ਸਿਰਫ਼ 0.3% ਤਾਰੇ ਹੀ ਜਟਿਲ ਜੀਵਨ ਦੇ ਪਣਪਨ ਲਈ ਸਹੀ ਸਥਿਤੀਆਂ ਦੇ ਸਕਦੇ ਹਨ। ਸ਼ਾਇਦ ਇਸੇ ਕਰ ਕੇ ਸਾਨੂੰ ਹੁਣ ਤੱਕ ਧਰਤੀ ਤੋਂ ਬਿਨਾਂ ਕਿਤੇ ਹੋਰ ਜੀਵਨ ਨਹੀਂ ਮਿਲਿਆ। ਉਂਜ ਕਈ ਵਿਗਿਆਨੀ ਇਸ ਰਹਿਣਯੋਗ ਖੇਤਰ ਦੇ ਸਿਧਾਂਤ ਨੂੰ ਚੁਣੌਤੀ ਦਿੰਦੇ ਹਨ। ਇਸ ਲਈ ਰਹਿਣਯੋਗ ਹੋਰ ਧਰਤੀਆਂ ਦੀ ਖੋਜ ਜਾਰੀ ਹੈ।

## ਸ਼ਰਧਾਂਜਲੀ



ਹੁਸ਼ਿਆਰਪੁਰ ਤੋਂ ਚਾਰ ਵਾਰ ਲੋਕ ਸਭਾ ਦੇ ਮੈਂਬਰ ਰਹੇ **ਸ਼੍ਰੀ ਕਮਲ ਚੌਧਰੀ** 25 ਜੂਨ 2024 ਨੂੰ ਦਿੱਲੀ ਵਿਖੇ ਅਕਾਲ ਚਲਾਣਾ ਕਰ ਗਏ ਹਨ। ਆਪ ਉੱਘੇ ਸੋਸ਼ਲਿਸਟ ਆਗੂ ਅਤੇ ਸਾਬਕਾ ਸੰਸਦ ਮੈਂਬਰ ਚੌਧਰੀ ਬਲਬੀਰ ਸਿੰਘ ਦੇ ਪੁੱਤਰ ਸਨ। ਉਹ ਸੁਰੱਖਿਆ ਸਬੰਧੀ ਸੰਸਦੀ ਕਮੇਟੀ ਦੇ ਚੇਅਰਮੈਨ ਵੀ ਰਹੇ ਸਨ।

## 40ਵੇਂ ਸਾਲਾਨਾ ਸੈਣੀ ਸੰਮੇਲਨ, 2024 ਦੌਰਾਨ ਪਾਸ ਕੀਤੇ ਗਏ ਮਤੇ

**ਮਤਾ ਨੰ: 1**-ਓ.ਬੀ.ਸੀ.ਲਈ ਪੰਜਾਬ ਰਾਜ ਵਿਚ 27% ਰਾਖਵਾਂਕਰਨ ਲਾਗੂ ਕਰਨ ਸਬੰਧੀ:- ਮੰਡਲ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਕੇਂਦਰ ਸਰਕਾਰ ਵਲੋਂ ਚਾਹੇ ਓਬੀਸੀ ਕੈਟੇਗਰੀ ਲਈ ਸਰਕਾਰੀ ਨੌਕਰੀਆਂ ਵਿਚ 21.57% ਰਾਖਵਾਂਕਰਨ ਦਿੱਤਾ ਗਿਆ ਹੈ ਜੋ ਕਿ 27% ਦੇਣਾ ਬਣਦਾ ਹੈ। ਨੀਟ ਅਤੇ ਯੂ.ਪੀ.ਐਸ.ਸੀ ਵਿਚ 27% ਰਾਖਵਾਕਰਨ ਲਾਗੂ ਹੈ ਪਰ ਪੰਜਾਬ ਵਿਚ ਰਾਜ ਸਰਕਾਰ ਵਲੋਂ ਕੇਵਲ 12% ਰਾਖਵਾਕਰਨ ਹੀ ਦਿੱਤਾ ਜਾ ਰਿਹਾ ਹੈ ਜੋ ਕਿ ਇਹ ਇਕ ਬਹੁਤ ਵੱਡਾ ਅਨਿਆਂ ਹੈ। ਇਸ ਮਤੇ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਕਮਿਸ਼ਨ ਦੀਆਂ ਸਿਫਾਰਸਾਂ ਅਨੁਸਾਰ ਸਾਰੀਆਂ ਵਿੱਦਿਅਕ ਅਤੇ ਪੇਸ਼ੇਵਰ ਸੰਸਥਾਵਾਂ ਤੋਂ ਇਲਾਵਾ ਸਰਕਾਰੀ ਵਿਭਾਗਾਂ, ਸਾਰੇ ਬੋਰਡਾਂ, ਕਾਰਪੋਰੇਸ਼ਨਾਂ ਵਿਚ ਨੌਕਰੀਆਂ ਦੇਣ ਸਮੇਂ 27% ਰਾਖਵਾਕਰਨ ਲਾਗੂ ਕੀਤਾ ਜਾਵੇ ਅਤੇ ਇਸ ਦੇ ਨਾਲ ਹੀ ਪੰਜਾਬ ਦੀਆਂ ਨਗਰ ਨਿਗਮਾਂ, ਨਗਰ ਕੌਂਸਲਾਂ, ਨਗਰ ਪੰਚਾਇਤਾਂ ਅਤੇ ਗ੍ਰਾਮ ਪੰਚਾਇਤਾਂ ਵਿਚ ਵੀ 27% ਰਾਖਵਾਂਕਰਨ ਲਾਗੂ ਵਕੀਤਾ ਜਾਵੇ। ਮੌਜੂਦਾ ਸਮੇਂ ਬਹੁਤੀਆਂ ਸੰਸਥਾਵਾਂ ਦਾ ਨਿਜੀਕਰਨ ਹੋ ਰਿਹਾ ਹੈ ਤਾਂ ਇਹ 27% ਰਾਖਵਾਂਕਰਨ ਪ੍ਰਾਈਵੇਟ ਅਦਾਰਿਆਂ ਵਿਚ ਵੀ ਲਾਗੂ ਕੀਤਾ ਜਾਵੇ ਤਾਂ ਜੋ ਸਦੀਆਂ ਤੋਂ ਪਛੜਿਆ ਸਮਾਜ ਸਨਮਾਨਜਨਕ ਢੰਗ ਨਾਲ ਤਰੱਕੀ ਕਰ ਸਕੇ।

**ਮਤਾ ਨੰਬਰ:2**-ਸੈਣੀ ਬਰਾਦਰੀ ਨੂੰ ਲੋਕਤੰਤਰੀ ਸੰਸਥਾਵਾਂ ਦੀਆਂ ਚੋਣਾ ਸਮੇਂ ਯੋਗ ਨੁਮਾਇਂਦਗੀ ਦੇਣਸਬੰਧੀ:- ਪੰਜਾਬ ਦੇ ਰੋਪੜ, ਫਤਹਿਗੜ੍ਹ ਸਾਹਿਬ, ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਸੈਣੀ ਬਰਾਦਰੀ ਦਾ ਪ੍ਰਭਾਵਸ਼ਾਲੀ ਵੋਟ ਬੈਂਕ ਹੈ। ਇਸ ਦੇ ਬਾਵਜੂਦ ਜਿਆਦਾਤਰ ਰਾਜਨੀਤਿਕ ਪਾਰਟੀਆਂ ਵਲੋਂ ਟਿਕਟਾਂ ਦੇਣ ਸਮੇਂ ਸੈਣੀ ਬਰਾਦਰੀ ਦੇ ਉਮੀਦਵਾਰਾਂ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਇਸ ਮਤੇ ਨਾਲ ਸਮੂਹ ਰਾਜਨੀਤਕ ਪਾਰਟੀਆਂ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਲੋਕ ਸਭਾ, ਵਿਧਾਨ ਸਭਾ, ਨਗਰ ਨਿਗਮਾਂ, ਨਗਰ ਪਾਲਿਕਾਵਾਂ, ਜ਼ਿਲ੍ਹਾ ਪ੍ਰੀਸ਼ਦਾਂ, ਬਲਾਕ ਸੰਮਤੀਆਂ ਦੀਆਂ ਚੋਣਾਂ ਲਈ ਟਿਕਟਾਂ ਦੇਣ ਸਮੇਂ ਸੈਣੀ ਬਰਾਦਰੀ ਦੇ ਉਮੀਦਵਾਰਾਂ ਨੂੰ ਯੋਗ ਨੁਮਾਇੰਦਗੀ ਦਿੱਤੀ ਜਾਵੇ।

**ਮਤਾ ਨੰਬਰ: 3** ਰੋਪੜ ਸ਼ਹਿਰ ਦੇ ਨਾਲ ਲੱਗਦੀ ਸਰਹਿੰਦ ਨਹਿਰ ਦੀ ਸਾਂਭ ਸੰਭਾਲ ਸਬੰਧੀ:- ਪਿਛਲੇ ਸਾਲ 2023 ਵਿਚ ਹੋਈ ਭਾਰੀ ਬਰਸਾਤ ਦੌਰਾਨ ਸ਼ਹਿਰ ਦੇ ਨਾਲ ਲੰਘਦੀ ਸਰਹਿੰਦ ਨਹਿਰ ਦੇ ਨਾਲ ਨਾਲ ਬਣਾਈ ਗਈ ਰੀਟੇਨਿੰਗ ਦੀਵਾਰ ਦੇ ਟੁੱਟ ਜਾਣ ਕਾਰਨ ਇਸ ਦੇ ਨਾਲ ਲੱਗਦੀ ਸੜਕ

ਬਾਕੀ ਪੰਨਾ 24 'ਤੇ



ਕਹਾਣੀ

# ਜਦੋਂ ਉਹ ਆਪ ਬਾਪ ਬਣਿਆ

ਡਾ. ਜਸਵੰਤ ਕੌਰ
ਰੋਪੜ

ਜਗਜੀਤ ਕਾਲਜ ਦੇ ਦਿਨਾਂ ਤੋਂ ਹੀ ਨਵ-ਖਿਆਲੀਆਂ ਦਾ ਹਮਾਇਤੀ ਬਣ ਗਿਆ ਸੀ। ਉਹਦੇ ਸਾਰੇ ਸਾਥੀ ਨਵੀਂ ਅਖੌਤੀ ਉਸਾਰੂ ਫਿਲਾਸਫੀ ਦੀਆਂ ਕਲਾਸਾਂ ਆਪਣੇ ਗੁਆਂਢੀ ਪਿੰਡ ਦੇ ਇੱਕ ਪ੍ਰੋਫੈਸਰ ਕੋਲ ਲਾਉਂਦੇ ਸਨ। ਉੱਪਰੋਂ ਕਾਲਜ ਦੇ ਜੁਆਨ ਗਰਮ ਖ਼ੂਨ ਵਾਲੇ ਮੁੰਡਿਆਂ ਦਾ ਸਾਥ, ਸੋਨੇ 'ਤੇ ਸੁਹਾਗਾ ਬਣ ਗਿਆ। ਹਰ ਵੇਲੇ ਦੀ ਪੜ੍ਹਤ ਨੇ ਉਸ ਦੇ ਮਨ ਨੂੰ ਪੱਥਰ ਜਿਹਾ ਬਣਾ ਦਿੱਤਾ ਸੀ। ਭਾਵਨਾਵਾਂ ਜਿਵੇਂ ਖੰਭ ਲਾ ਕੇ ਉਡ ਗਈਆਂ ਸਨ। ਨਾ ਉਸ ਦਾ ਕਿਸੇ ਰਿਸ਼ਤੇਦਾਰੀ ਵਿੱਚ ਮੋਹ ਰਿਹਾ, ਨਾ ਘਰਦਿਆਂ ਨਾਲ ਹੀ ਤੇਹ। ਨਾਨਕਿਆਂ, ਦਾਦਕਿਆਂ ਨਾਲ ਤਾਂ ਉਸ ਨੇ ਕੀ ਭਿੱਜਣਾ ਸੀ। ਘਰ ਵਿੱਚ ਕਬੀਲਦਾਰੀ ਗੋਡੇ ਗੋਡੇ ਸੀ। ਉਸ ਤੋਂ ਛੋਟੀਆਂ ਉਸ ਦੀਆਂ ਚਾਰ ਭੈਣਾਂ। ਜ਼ਮੀਨ ਥੋੜ੍ਹੀ ਸੀ। ਬਾਪ ਖੇਤੀ ਦਾ ਕੰਮ ਕਰਦਾ ਸੀ। ਬੱਸ ਦਿਨਕਟੀ ਹੀ ਹੋ ਰਹੀ ਸੀ ਸਮਝੋ। ਉਹ ਸ਼ਹਿਰ ਦੇ ਸਰਕਾਰੀ ਕਾਲਜ ਵਿੱਚ ਬਹੁਤ ਹੁਸ਼ਿਆਰ ਸਮਝਿਆ ਜਾਣ ਵਾਲਾ ਮੁੰਡਾ ਸੀ। ਬਸ ਕਿਸਮਤ ਦਾ ਪੁੱਠਾ ਗੇੜ ਸਮਝ ਲਓ ਜਾਂ ਨਵੇਂ ਪੂਰ ਦੀ ਨਵੀਂ ਸੋਚ ਦਾ ਅਸਰ, ਉਸ ਨੇ ਸਾਥੀਆਂ ਨਾਲ ਰਲ ਕੇ ਕਿਸੇ ਅਮੀਰ ਬੰਦੇ ਨੂੰ ਐਨਾ ਡਰਾਇਆ ਧਮਕਾਇਆ ਕਿ ਉਹ ਪਤਾ ਨਹੀਂ ਕਿੱਥੇ ਚਲੇ ਗਿਆ? ਲੋਕਾਂ ਵਿੱਚ ਅਵਾਈ ਉੜ ਗਈ ਕਿ ਇਹਦੇ ਮੁੰਡਿਆਂ ਦੇ ਟੋਲੇ ਨੇ ਉਸ ਨੂੰ ਕਤਲ ਕਰ ਦਿੱਤਾ ਹੈ। ਉਦੋਂ ਇੱਕ ਹਵਾ ਵੀ ਏਦਾਂ ਦੀ ਚੱਲ ਰਹੀ ਸੀ। ਇੱਕ ਲੋਕ ਪੱਖੀ ਲਹਿਰ ਦੇ ਅਧੀਨ ਨੌਜਵਾਨ ਖ਼ੂਨ ਬਹੁਤੇ ਅਮੀਰਾਂ ਦਾ ਬੀਜਨਾਸ਼ ਕਰਨ 'ਤੇ ਤੁਲਿਆ ਹੋਇਆ ਸੀ, ਜੋ ਗਰੀਬਾਂ ਦਾ ਖ਼ੂਨ ਚੂਸ-ਚੂਸ ਕੇ ਪੂੰਜੀਪਤੀ ਬਣੇ ਹੋਏ ਸਨ। ਇਸ ਵਾਰਦਾਤ ਵਿੱਚ ਉਹ ਅੱਗੇ ਸੀ ਜਾਂ ਉਹਦੀ ਲੀਡਰੀ ਦੀ ਖੁੰਦਕ ਖਾਣ ਵਾਲਿਆਂ ਨੇ ਉਂਜ ਹੀ ਉਹ ਦਾ ਨਾਂ ਅੱਗੇ ਅੜੁੰਗ ਦਿੱਤਾ ਸੀ, ਆਟੇ ਨਾਲ ਪਲੇਥਣ ਤਾਂ ਲੱਗ ਹੀ ਚੁੱਕਾ ਸੀ। ਅਸਲੀ ਭੇਦ ਕਿਸੇ ਨੂੰ ਕਦੇ ਵੀ ਪਤਾ ਨਾ ਲੱਗਾ। ਪਰ ਉਹ ਡਰਦਾ ਮਾਰਾ ਗੁਪਤਵਾਸ ਵਿੱਚ ਚਲਿਆ ਗਿਆ। ਜਿਨ੍ਹਾਂ ਸਕੇ ਸੋਦਰਿਆਂ ਨਾਲ ਉਸ ਨੇ ਪਹਿਲਾਂ ਕਦੇ ਕੋਈ ਲਾਗਾ-ਦੇਗਾ ਨਹੀਂ ਰੱਖਿਆ ਅਜਿਹੀ ਔਕੜ ਵੇਲੇ ਕੌਣ ਉਹਦੀ ਮਦਦ ਲਈ ਬਹੁੜਦਾ। ਕਿਸੇ ਨੇ ਵੀ ਉਹਨੂੰ ਮੂੰਹ ਨਾ ਲਾਇਆ। ਕਿਤੇ ਠਾਹਰ ਨਾ ਮਿਲਦੀ ਦੇਖ, ਕਿਸੇ ਮਹਾਂਨਗਰ ਵਿੱਚ ਰਹਿੰਦੀ ਆਪਣੀ ਭੈਣ ਕੋਲ ਚਲਾ ਗਿਆ ਜਿੱਥੇ ਭਣੋਈਆ ਕੋਈ ਕੰਮਕਾਰ ਕਰਦਾ ਸੀ।

ਜਗਜੀਤ ਨਵੀਂ ਸੋਚ ਮਾਪਿਆਂ 'ਤੇ ਜਬਰੀ ਥੋਪਣੀ ਚਾਹੁੰਦਾ ਸੀ। ਪਰ ਗੋਡੇ ਗੋਡੇ ਕਬੀਲਦਾਰੀ ਵਿੱਚ ਖੁੱਭੇ ਬੰਦਿਆਂ ਨੂੰ ਸਮਾਜਵਾਦ, ਲੁੱਟਖਸੁੱਟ ਅਤੇ ਲੋਕਾਂ-ਜੋਕਾਂ ਆਦਿ ਗੱਲਾਂ ਤਾਂ ਕਿਸੇ ਹੋਰ ਦੁਨੀਆਂ ਦੀਆਂ ਬਾਤਾਂ ਜਾਪਦੀਆਂ ਸਨ। ਬਾਪ ਨੂੰ ਤਾਂ ਇੱਕੋ ਗੱਲ ਦਾ ਪਤਾ ਸੀ ਕਿ ਪੇਟ ਪਾਲਣ ਲਈ ਹੱਡ-ਭੰਨਵੀਂ ਮਿਹਨਤ ਤੇ ਕੁੜੀਆਂ ਦੀ ਕਬੀਲਦਾਰੀ ਨਜਿੱਠਣ ਦਾ ਫਿਕਰ। ਮਾਪੇ ਉਸ ਨਾਲ ਹਮੇਸ਼ਾਂ ਝਗੜਦੇ, "ਮੁੰਡਿਆ! ਸਿਆਣਾ ਬਣ, ਕਮਾਈ ਕਰ ਅਤੇ ਸਾਡੀ ਮਦਦ ਕਰ, ਰਲ਼ ਕੇ ਘਰ ਤੋਰੀਏ, ਤੇਰਾ ਹਾਅੁ ਗੂੜ੍ਹ ਗਿਆਨ ਸਾਡਾ ਕੁੱਝ ਨਹੀਂ ਸੰਵਾਰ ਸਕਦਾ"। ਪਰ ਜਗਜੀਤ ਕਹਿੰਦਾ, "ਤੁਹਾਡੀ ਕਬੀਲਦਾਰੀ ਨਾਲ ਮੇਰਾ ਕੋਈ ਸਰੋਕਾਰ ਨਹੀਂ, ਜਿਨ੍ਹਾਂ ਨੇ ਪੈਦਾ ਕੀਤੇ ਆ ਉਹੀ ਜਾਣਨ"। ਬਾਪ ਦੁਖੀ ਹੋ ਕੇ ਆਖਦਾ, "ਦੇਖ ਜੀਤੇ! ਅਸੀਂ ਤੇਰੇ ਮਾਪੇ ਆਂ, ਤੇਰਾ ਵੀ ਕੋਈ ਫਰਜ਼ ਆ ਸਾਡੇ ਲਈ, ਸਾਨੂੰ ਵੀ ਤੇਰਾ ਸਹਾਰਾ ਚਾਹੀਦਾ"। ਪਰ ਜਗਜੀਤ ਨਵੇਂ ਗਿਆਨ ਦੀ ਛੁਰੀ ਨਾਲ ਗੱਲ ਕੱਟ ਦਿੰਦਾ, " ਮੇਰੇ ਮਾਪੇ ਮੇਰਾ ਉਹ ਪ੍ਰੋਫੈਸਰ ਆ ਜਿਹਨੇ ਮੇਰੀਆਂ ਗਿਆਨ ਦੀਆਂ ਅੱਖਾਂ ਖੋਲ੍ਹੀਆਂ। ਤੁਸੀਂ ਤਾਂ ਸਿਰਫ ਮੈਨੂੰ ਜਨਮ ਦਿੱਤਾ ਸੀ ਤੇ ਪਾਲਣ ਪੋਸਣ ਕਿਸੇ ਹੋਰਨੇ ਕਰਨਾ ਸੀ। ਮੈਂ ਤੁਹਾਡਾ ਕੁੱਝ ਨਹੀਂ ਸੁਆਰ ਸਕਦਾ। ਮੇਰੇ ਗੋਚਰੇ ਕਰਨ ਵਾਲੇ ਹੋਰ ਬਥੇਰੇ ਕੰਮ ਇਆ....."। ਇਹ ਕਹਿ ਕੇ ਉਸ ਨੇ ਦਰਵਾਜ਼ਾ ਲੰਘਣ ਵੇਲੇ ਮਾਂ ਦੀ ਬਾਂਹ ਐਨੀ ਜ਼ੋਰ ਦੀ ਘੁਮਾਈ ਕਿ ਮਾਂ ਦੀਆਂ ਲੇਰਾਂ ਨਿਕਲ ਗਈਆਂ। ਬਾਂਹ ਟੁੱਟ ਗਈ। ਮਾਂ ਘਮੇਟਣੀ ਖਾ ਕੇ ਥੱਲੇ ਡਿਗ ਪਈ। ਪਰ ਜਗਜੀਤ ਅਹੁ ਗਿਆ ਅਹੁ ਗਿਆ।

ਸਮਾਂ ਬੀਤਦਾ ਗਿਆ। ਜਗਜੀਤ ਧੱਕੇ-ਧੌਲੇ ਖਾਂਦਾ ਘਰੋਂ ਬੇਘਰ ਹੋ ਕੇ ਘੁੰਮਦਾ ਰਿਹਾ। ਹੌਲੀ ਹੌਲੀ ਕਤਲ ਕੇਸ ਦੀ ਗੱਲ ਆਈ ਗਈ ਹੋ ਗਈ। ਉਹ ਨੇ ਪਿੰਡ ਵੱਲ ਮੋੜਾ ਪਾਇਆ। ਭੈਣਾਂ ਜੁਆਨ ਹੋ ਚੁਕੀਆਂ ਸਨ, ਉਨ੍ਹਾਂ ਨੂੰ ਚਾਅ ਵੀ ਸੀ ਕਿ ਉਨ੍ਹਾਂ ਦੇ ਕਾਰਜ ਉਹ ਆਪਣੇ ਹੱਥੀਂ ਕਰੇਗਾ। ਜਗਜੀਤ ਨੇ ਆਪਣੀ ਪਾਰਟੀ ਦੇ ਅਸੂਲਾਂ ਅਨੁਸਾਰ ਦੋ ਭੈਣਾਂ ਲਈ ਯੋਗ ਮੁੰਡੇ ਲੱਭੇ ਅਤੇ ਥੋੜ੍ਹੇ ਥੋੜ੍ਹੇ ਬੰਦੇ ਸੱਦ ਕੇ ਕਾਰਜ ਕਰ ਦਿੱਤੇ। ਗਲ਼ ਦੇ ਕੱਪੜੀਂ ਹੀ ਕੁੜੀਆਂ ਸਹੁਰੀਂ ਤੁਰ ਗਈਆਂ। ਮਾਪੇ ਬਥੇਰਾ ਰੋਏ ਕੁਰਲਾਏ ਕਿ ਬਿਨਾਂ ਕਿਸੇ ਦਿੱਤ-ਦਾਜ ਦੇ ਇਹ ਵਿਚਾਰੀਆਂ ਸਹੁਰੀਂ ਕਿਵੇਂ ਵਸਣਗੀਆਂ? ਜਗਜੀਤ ਕਹੇ, "ਮੈਂ ਤਾਂ ਇਹੀ ਸਿੱਖਿਆ ਹੈ, ਮੈਂ ਤਾਂ ਇਹੀ ਕਰਨਾ"। ਲਗਦਾ ਸੀ ਜਿੱਦਾਂ ਉਹ ਗਲ਼ ਪਿਆ ਢੋਲ ਹੀ ਬਜਾ ਰਿਹਾ ਹੋਵੇ।

ਰੱਬ ਨੂੰ ਕੁੱਝ ਹੋਰ ਹੀ ਭਾਉਂਦਾ ਸੀ। ਘਰ ਵਿੱਚ ਬਿਮਾਰੀ ਦੀ ਜ਼ਹਿਮਤ ਪੈ ਗਈ। ਬਾਪ ਨੂੰ ਦਿਮਾਗ ਦਾ ਕੈਂਸਰ ਹੋ ਗਿਆ। ਇਹ ਬਿਮਾਰੀ ਤਾਂ ਮਾੜੇ ਧੀੜੇ ਦੇ ਵੱਸ ਦੀ ਨਹੀਂ ਸੀ। ਜ਼ਮੀਨ 'ਤੇ ਕਰਜ਼ਾ ਲੈ ਕੇ ਮਹਾਂਨਗਰ ਦੇ ਵੱਡੇ ਹਸਪਤਾਲ ਵਿੱਚ ਇਲਾਜ ਵੀ ਕਰਵਾਇਆ। ਉਦੋਂ ਨਾ ਤਾਂ ਇਹ ਬਿਮਾਰੀ ਬਹੁਤੀ ਆਮ ਸੀ ਅਤੇ ਨਾ ਹੀ ਇਸ ਦਾ ਇਲਾਜ ਹੁੰਦਾ ਸੀ। ਘਰ ਤਾਂ ਕੁਲੰਜ ਕੇ ਲਾ ਦਿੱਤਾ ਪਰ ਬਾਪ ਫਿਰ ਵੀ ਬਚ ਨਾ ਸਕਿਆ।

ਲਹਿਰ ਦੇ ਕਿਸੇ ਪੁਰਾਣੇ ਸਾਥੀ ਦੇ ਮੁੰਡੇ ਨਾਲ ਸਭ ਤੋਂ ਛੋਟੀ ਭੈਣ ਦਾ ਰਿਸ਼ਤਾ ਕਰ ਕੇ ਉਹਨੂੰ ਵੀ ਸਹੁਰੀਂ ਤੋਰ ਦਿੱਤਾ। ਮਾਪਿਆਂ ਦੀ ਕਬੀਲਦਾਰੀ ਤੋਂ ਸੁਰਖਰੂ ਹੋਇਆ ਤਾਂ ਆਪਣੀ ਉਮਰ ਗ੍ਰਹਿਸਥੀ ਤੋਂ ਟੱਪ ਚੁੱਕੀ ਸੀ। ਹੁਣ ਉਹ ਨੂੰ ਮਾਪਿਆਂ ਦੀਆਂ ਸਿਖਵਤਾਂ ਯਾਦ ਆਉਣ ਲੱਗੀਆਂ। ਕਾਫੀ ਹੱਥ ਪੈਰ ਮਾਰਨ ਤੋਂ ਬਾਅਦ ਇੱਕ ਥਾਂ 'ਤੇ ਸੰਜੋਗ ਜੁੜ ਗਿਆ। ਉਹ ਸਰਕਾਰੀ ਨੌਕਰੀ ਵਿੱਚ ਸੀ। ਜਗਜੀਤ ਆਪ ਵੀ ਜਦੋਂ ਘਰੋਂ ਬੇਘਰ ਹੋਇਆ ਸੀ ਤਾਂ ਆਪਣੀ ਭੈਣ ਦਾ ਐਡਰੈਸ ਦੇ ਕੇ ਹੀ ਉਹ ਨੇ ਕੇਂਦਰ ਦੀ ਅਰਧਸਰਕਾਰੀ ਨੌਕਰੀ ਲੈ ਲਈ ਸੀ। ਬਾਪ ਦੀ ਮੌਤ ਤੋਂ ਬਾਅਦ ਉਹ ਨੇ ਆਪਣਾ ਤਬਾਦਲਾ ਵੀ ਪੰਜਾਬ ਦਾ ਕਰਵਾ ਲਿਆ ਸੀ।

ਜਗਜੀਤ ਦੇ ਸੁਭਾਅ ਵਿੱਚ ਮਾਸਾ ਵੀ ਤਬਦੀਲੀ ਨਾ ਆਈ। ਭੈਣਾਂ ਨੂੰ ਲਗਦਾ ਸੀ ਕਿ ਆਪ ਗ੍ਰਹਿਸਥੀ ਬਣ ਕੇ ਸ਼ਾਇਦ ਉਹ ਉਨ੍ਹਾਂ ਨਾਲ ਵੀ ਮੋਹ-ਪਿਆਰ ਕਰਨ ਲਗ ਜਾਵੇਗਾ ਪਰ ਪੱਥਰ 'ਤੇ ਬੂੰਦ ਪਈ ਨਾ ਪਈ....। ਕੁੜੀਆਂ ਚਿੱਠੀਆਂ ਪਾਉਂਦੀਆਂ, ਉਡੀਕਦੀਆਂ, ਦਿਨਾਂ ਦੇਸਿਆਂ ਤੇ ਤਿਉਹਾਰਾਂ 'ਤੇ ਪਰ.....। ਨਹੋਰੇ ਲਾਉਂਦੀਆਂ ਕਿ ਵੀਰੇ ਭਾਬੀਆਂ ਲੋਕਾਂ ਦੇ ਆਉਂਦੇ ਹਨ ਤਾਂ ਸਾਡੇ ਕਾਲਜੇ ਧੂਅ ਪੈਂਦੀ ਹੈ ਪਰ ਜਗਜੀਤ ਦਾ ਮਨ ਨਾ ਭਿੱਜਦਾ। ਖ਼ਬਰੇ ਉਹ ਕਿਹੜੀ ਮਿੱਟੀ ਦਾ ਬਣਿਆਂ ਸੀ? ਉਹ ਨੇ ਤਾਂ ਖਬਰੇ ਭੈਣਾਂ ਦੇ ਘਰਾਂ ਦੀਆਂ ਸਰਦਣਾਂ ਟੱਪਣ ਦੀ ਸਹੁੰ ਖਾਧੀ ਹੋਈ ਸੀ...। ਭੈਣਾਂ ਕਹਿੰਦੀਆਂ, "ਸਹੁਰਿਆਂ ਘਰੀਂ ਮਾਪਿਆਂ ਦੇ ਤਕੜੇ ਕਿੱਲੇ ਨਾਲ ਵਸੇਬਾ ਹੁੰਦਾ...ਪਰ ਅਸੀਂ ਕਿਹਦਾ ਰੋਹਬ ਪਾਈਏ..?"

ਵਕਤ ਬੀਤਿਆ। ਜਗਜੀਤ ਨੂੰ ਦਿਲ ਦਾ ਪਹਿਲਾ ਦੌਰਾ ਪਿਆ। ਉਸ ਨੂੰ ਦਿਸਣ ਲਗ ਪਿਆ ਕਿ ਹੁਣ ਅਉਧ ਬਹੁਤੀ ਨਹੀਂ...। ਜਿਹੜਾ ਵੀ ਉਹਦੀ ਖ਼ਬਰ ਲਈ ਆਉਂਦਾ ਉਸੇ ਨੂੰ ਆਖਦਾ, "ਮੈਂ ਬਹੁਤੀ ਦੇਰ ਨਹੀਂ ਤਗਣਾ ਹੁਣ...। ਮੇਰੇ ਬੱਚਿਆਂ ਵੱਲ ਵੇਖਿਓ"। ਦੇਰ ਨਾਲ ਵਿਆਹ ਕਰੌਣ ਕਰ ਕੇ ਬੱਚੇ ਛੋਟੇ ਸਨ ਅਜੇ। ਭੈਣਾਂ ਨੂੰ ਵੀ ਇਹੀ ਆਖਦਾ। ਇੱਕ ਦਿਨ ਤੜਕੇ ਜਗਜੀਤ ਨੇ ਤੜਫਦੇ ਛਟਪਟਾਉਂਦੇ ਨੇ ਮਾਂ ਦੀਆਂ ਬਾਹਾਂ ਵਿੱਚ ਡਿਗਦੇ ਨੇ ਆਖਿਆ, "ਬੀਬੀ! ਮੇਰੇ ਬੱਚਿਆਂ ਵੱਲ ਵੇਖੀਂ....."। ਮਾਂ ਨੇ ਪਿੱਟਦੀ ਹੋਈ ਨੇ ਰੌਲ਼ਾ ਪਾਇਆ, " ਵੇ ਬੱਚੜਿਆ! ਮੈਂ ਵੀ ਇਹੀ ਕਹਿੰਦੀ ਹੁੰਦੀ ਸੀ ਸਾਡੇ ਵੱਲ ਵੇਖੀਂ ਪਰ ਤੂੰ ਨਾ ਸਾਡੇ ਨਾਲ....। ਮੈਂ ਤਾਂ ਤੇਰੇ ਬੱਚਿਆਂ ਵੱਲ ਵੇਖਾਂਗੀ ਹੀ....। ਮੈਂ ਨਾ ਦੇਖੇ ਤਾਂ ਹੋਰ ਕੌਣ...?"

❊ ❊ ❊ ❊ ❊

ਕਾਟੋਂ ਪਰ ਭੀ ਦੋਸ਼ ਕੈਸੇ ਡਾਲੇਂ ਜਨਾਬ,
ਪੈਰ ਤੋ ਹਮਨੇ ਰਖਾ ਥਾ, ਵੋ ਤੋ ਅਪਨੀ ਜਗਹਿ ਥੇ।
(ਗੁਲਜ਼ਾਰ)



ਗੀਤ

## ਮੈਂ ਗਰੀਬ ਜਿਹੇ ਮਾਪਿਆਂ ਦੀ ਧੀ ਚੰਨ ਵੇ।

ਸੁਰਿੰਦਰਪਾਲ ਸਿੰਘ
ਪੰਘਲੀਆ,
ਝੱਲੀਆਂ ਖੁਰਦ

ਪੈਸਾ ਪੈਸਾ ਜੋੜ ਕੀਤਾ ਮਾਪਿਆਂ ਨੇ ਕਾਜ।
ਵਿਤ ਨਾਲੋਂ ਵੱਧ ਦਿੱਤਾ ਉਨ੍ਹਾਂ ਨੇ ਸੀ ਦਾਜ।
ਰਹੀ ਦਾਜ 'ਚ ਕਸਰ ਫਿਰ ਕੀ ਚੰਨ ਵੇ।
ਮੈਨੂੰ ਜਿਉਂਦੀ ਨੂੰ ਨਾ ਮਾਰ,
ਮੈਂ ਗਰੀਬ ਜਿਹੇ ਮਾਪਿਆਂ ਦੀ ਧੀ ਚੰਨ ਵੇ।

ਮੇਰੇ ਮਾਪਿਆਂ ਨੇ, ਮੈਥੋਂ ਕੋਈ ਚੀਜ਼ ਨਾ ਲੁਕੋਈ।
ਭੈਣ-ਭਾਈਆਂ ਨਾਲ ਖੇਡ ਖੇਡ ਵੱਡੀ ਵੇ ਮੈਂ ਹੋਈ।
ਤੁਸੀਂ ਬਣ ਗਏ ਜੋਕਾਂ,
ਵੇ ਮੈਂ ਕੱਲੀ ਕਿਵੇਂ ਰੋਕਾਂ,
ਮੇਰਾ ਘੁੱਟ ਘੁੱਟ ਖ਼ੂਨ ਲਿਆ ਪੀ ਚੰਨ ਵੇ।
ਮੈਂ ਗਰੀਬ ਜਿਹੇ ਮਾਪਿਆਂ ਦੀ ਧੀ ਚੰਨ ਵੇ।

ਰਾਜੇ-ਰਾਣਿਆਂ ਤੋਂ ਧੀਆਂ ਨਹੀਓਂ ਰੱਖ ਹੁੰਦੀਆਂ।
ਹੁੰਦੀ ਵੱਸ ਦੀ ਜੇ ਗੱਲ ਕਿਉਂ ਵੱਖ ਹੁੰਦੀਆਂ।
ਗੱਲਾਂ ਲਾ ਕੇ ਨਾ ਸਾੜੋ,
ਕੋਹ ਕੋਹ ਕੇ ਨਾ ਮਾਰੋ,
ਮੈਨੂੰ ਚਾਰ ਦਿਨ ਲੈਣ ਦੇ ਤੂੰ ਜੀਅ ਚੰਨ ਵੇ।
ਮੈਂ ਗਰੀਬ ਜਿਹੇ ਮਾਪਿਆਂ ਦੀ ਧੀ ਚੰਨ ਵੇ।

ਮੇਰੇ ਮਾਪਿਆਂ ਨੇ ਬੀ.ਏ. ਤੱਕ ਵਿੱਦਿਆ ਪੜ੍ਹਾਈ।
ਘਰਬਾਰ ਤੁਹਾਡਾ ਭਰ ਉਹ ਹੋ ਗਏ ਕਰਜਾਈ।
ਵੇ ਤੂੰ ਬੜਾ ਕੁੱਝ ਕਹਿੰਦਾ,
ਮੈਨੂੰ ਜਵਾਬ ਦੇਣਾ ਪੈਂਦਾ,
ਕਿਵੇਂ ਜ਼ੁਬਾਨ ਨੂੰ ਲਵਾਂ ਹੁਣ ਸੀਅ ਚੰਨ ਵੇ।
ਮੈਂ ਗਰੀਬ ਜਿਹੇ ਮਾਪਿਆਂ ਦੀ ਧੀ ਚੰਨ ਵੇ।

ਦੁਨੀਆਂ ਵਾਲਿਓ ਗਰੀਬਾਂ ਦੇ ਨਾ ਧੀਅ ਕਦੇ ਜੰਮੇ।
ਧੀਆਂ ਨਾਲੋਂ ਤਾਂ ਵੇ ਰੱਬਾ ਪੁੱਤ ਜੰਮਦੇ ਨਿਕੰਮੇ।
ਹੁੰਦੀ ਅਮੀਰ ਦੀ ਜੇ ਧੀ,
ਸ਼ਿੰਦੇ ਕਰਦਾ ਵੇ ਕੀ,
ਕਹਿੰਦਾ ਫਿਰਦਾ ਤੂੰ ਉਹਦੇ ਅੱਗੇ ਜੀ ਜੀ ਚੰਨ ਵੇ।
ਮੈਂ ਗਰੀਬ ਜਿਹੇ ਮਾਪਿਆਂ ਦੀ ਧੀ ਚੰਨ ਵੇ।

❊ ❊ ❊ ❊ ❊



## Donors Of Saini Bhawan during the months of April-June, 2024

Compiled by
Amarjit Singh

**A) To Kaka Ram Saini Charitable Trust for Welfare activities-**

1. **Er. Bhagwan Singh,** # 244 Sec.2 Panchkula (Haryana) = Rs. 100000/
2. **S. Tekpal Singh,** # 204, Prabhu Apatrments, Faridabad= Rs. 15000/
3. **S. Ranjit Singh Saini** # 876A, Ranjit Nagar, Sec.11 Kharar=Rs.11000/
4. **Mrs. Manavpreet Kaur** W/o S. Sandeep Singh, USA = Rs. 9000/-
5. **Dr. Sowaran Singh,** 308, Prof. Colony, Ludhiana= Rs.5100/
6. **Mrs. Chander Kanta** (Retd. Principal) Rs. 5000/-
7. **Dr. Ajmer Singh,** #b-12/5057 Guru Nagar, Rupnagar= Rs.2000/

**B) To Saini Charitable Education Trust for Financial Assistance to student**

1. **S. Charanjit Singh & Family,** Tamber Traders # SCF 32, Anaj Mandi Rupnagar= Rs.200000/
2. **S. Balbir Singh Saini** Gen. Secy. Saini Bhawan Rupnagar = Rs. 100000/-
3. **S. Gurmukh Singh Saini** Ex M.C. # 28 S.B.S.Nagar Rupnagar= Rs. 50000/
4. **Mr. Maxim Kaloty** S/O Late Sowaran Singh Kaloty, Hoshiarpur=Rs. 20000/
5. **Smt. Parminder Kaur Pandhol** W/o S. Tarlochan Singh, Ropar=Rs. 12000/
6. **S. Harnek Singh** vill. Kotla Nihang Distt. Rupnagar= Rs. 11000/
7. **S. Tekpal Singh** # 204, Prabhu Apatrments, Faridabad=Rs.10000/
8. **Smt. Chander Kanta** (Retd. Principal) Ropar Rs. 10,000/-
9. **Smt. Harvinder Kaur** W/O Late Amrik Singh, Ranjit Ave. Ropar=Rs.6000/
10. **Sqd.Leader Manjit Singh Pabla,** Chandigarh= Rs. 5000/
11. **S. Tarlochan Singh,** Mohali=5000/-
12. **S. Jagdev Singh Panghlia**= 5000/-

**New Life Members of Saini Bhawan (Fee Rs. 2100/ or more)**

1. **S. Avtar Singh**
   S/o Late Hazara Singh
   # 107, Haveli Khurd ,
   Rupnagar



2. **S. Jagmohan Singh**
   S/o S. Harcharan Singh
   # 169, Zail Singh Nagar,
   Rupnagar



3. **S. Ranjit Singh Saini**
   S/o S. Gurdev Singh
   # 876A, Ranjit Nagar,
   Sec.11 Kharar



4. **S. Gurnam Singh**
   S/o S. Shivcharan Singh
   # 176, Gillco Valley, Ropar



5. **S. Pavitar Singh**
   S/o S. Rattan Singh
   # 31, Piara Singh Colony,
   Rupnagar



These dignitaries are welcome to Saini Bhawan

## TRIBUTE



**Mrs. Helen Singh** W/o S. Navraj Singh R/o California (USA) S/o S. Davinder Singh Jatana R/o Rupnagar, who has expired on 23rd June 2024. The trustees and administrative members of Saini Bhawan Rupnagar pay tribute to the departed soul.

# ਔਰਤਾਂ ਦੀ ਮੁਕਤੀਦਾਤਾ-ਸਵਿੱਤਰੀ ਬਾਈ ਫੂਲੇ

ਗੁਰਮੁਖ ਸਿੰਘ ਲੌਂਗੀਆ
ਰੂਪਨਗਰ



ਸੰਨ 1848 ਇੱਕ ਯੁੱਗ-ਪਲਟਾਊ ਵਰ੍ਹਾ ਸੀ ਜਦੋਂ ਮਹਾਂਰਾਸ਼ਟਰ ਦੇ ਪੂਨਾ ਸ਼ਹਿਰ ਵਿੱਚ ਸਵਿੱਤਰੀ ਬਾਈ ਫੂਲੇ ਨੇ ਔਰਤਾਂ ਲਈ ਪਹਿਲਾ ਸਕੂਲ ਖੋਲ੍ਹਿਆ। ਇਹ ਇੱਕ ਸਮਾਜਿਕ ਕ੍ਰਾਂਤੀ ਦਾ ਕਾਰਜ ਸੀ ਜਿਸ ਦਾ ਰੂੜ੍ਹੀਵਾਦੀ ਤਾਕਤਾਂ ਨੇ ਸਖਤ ਵਿਰੋਧ ਕੀਤਾ। ਸਵਿੱਤਰੀ ਬਾਈ ਫੂਲੇ ਦਾ ਜਨਮ 3 ਜਨਵਰੀ 1831 ਨੂੰ ਮਹਾਂਰਾਸ਼ਟਰ ਦੇ ਸਾਰਾ ਜ਼ਿਲ੍ਹੇ ਦੇ ਨਈ ਪਿੰਡ ਵਿੱਚ ਹੋਇਆ। ਉਹ ਸਿਹਤਮੰਦ ਤੇ ਸੋਹਣੀ-ਸੁਨੱਖੀ ਕੁੜੀ ਸੀ। ਉਸ ਦਾ ਵਿਆਹ ਨੌਂ ਸਾਲ ਦੀ ਉਮਰ ਵਿੱਚ ਜੋਤਿਬਾ ਫੂਲੇ ਨਾਲ ਹੋਇਆ। ਵਿਆਹ ਦੀਆਂ ਰਸਮਾਂ ਦੌਰਾਨ ਹੀ ਉੱਚੀ ਜਾਤੀ ਦੇ ਲੋਕਾਂ ਨੇ ਜੋਤਿਬਾ ਫੂਲੇ ਦੀ ਬੇਪੱਤੀ ਕੀਤੀ ਜਿਸ ਨਾਲ ਉਹ ਏਨਾ ਬੇਚੈਨ ਹੋਇਆ ਕਿ ਉਸ ਨੇ ਉੱਚ-ਜਾਤੀ ਦੇ ਪ੍ਰਧਾਨ ਖਿਲਾਫ ਵਿਦਰੋਹ ਕਰਨ ਦਾ ਨਿਰਣਾ ਲਿਆ। ਉਨ੍ਹਾਂ ਨੇ ਕਈ ਹਿੰਦੂ ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਇਸ ਨਤੀਜੇ ਤੇ ਪੁੱਜੇ ਕਿ ਸਾਰੇ ਮਨੁੱਖ ਜਨਮ ਤੋਂ ਤਾਂ ਬਰਾਬਰ ਹੁੰਦੇ ਹਨ, ਗੈਰਬਰਾਬਰੀ ਤਾਂ ਗਰੀਬੀ, ਅਗਿਆਨਤਾ ਅਤੇ ਸਿੱਖਿਆ ਦੀ ਘਾਟ ਨਾਲ ਪੈਦਾ ਹੁੰਦੀ ਹੈ। ਇਸ ਲਈ ਜੋਤਿਬਾ ਫੂਲੇ ਨੇ ਔਰਤਾਂ ਨੂੰ ਪੜ੍ਹਾਉਣ ਦਾ ਸੰਕਲਪ ਲਿਆ।

ਇਤਿਹਾਸ ਦਾ ਇਹ ਅੰਧਕਾਰਮਈ ਸਮਾਂ ਸੀ ਜਿਸ ਅੰਦਰ ਪੂਨਾ 'ਤੇ ਰਾਜ ਕਰਨ ਵਾਲੇ ਪੇਸ਼ਵਾ ਔਰਤਾਂ ਨੂੰ ਮਹਿਜ਼ ਮਰਦਾਂ ਦੇ ਦਿਲ ਨੂੰ ਬਹਿਲਾਉਣ ਵਾਲੀ ਵਸਤੂ ਸਮਝਦੇ ਸਨ। ਅਛੂਤਾਂ ਨੂੰ ਹਕਾਰਤਭਰੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਦਲਿਤਾਂ ਦਾ ਸਵੇਰੇ ਤੇ ਸ਼ਾਮ ਗਲੀਆਂ ਵਿੱਚੋਂ ਗੁਜ਼ਰਨਾ ਮਨ੍ਹਾ ਸੀ ਕਿ ਉਨ੍ਹਾਂ ਦਾ ਪਰਛਾਵਾਂ ਕਿਤੇ ਉੱਚ-ਜਾਤੀ ਦੇ ਲੋਕਾਂ ਨੂੰ ਭਿੱਟ ਨਾ ਕਰ ਦੇਵੇ। ਉਨ੍ਹਾਂ ਨੇ ਆਪਣੀ ਕਮਰ ਨਾਲ ਦਰਖਤ ਦੀ ਲੰਮੀ ਟਾਹਣੀ ਬੰਨ੍ਹੀ ਹੁੰਦੀ ਸੀ ਤਾਂ ਕਿ ਜਿਸ ਰਸਤੇ ਉਹ ਲੰਘਣ ਉਸ 'ਤੇ ਝਾੜੂ ਲਗਦਾ ਰਹੇ। ਉਨ੍ਹਾਂ ਨੂੰ ਆਪਣੇ ਗਲ਼ੇ 'ਚ ਇੱਕ ਥੁੱਕਦਾਨ ਲਟਕਾ ਕੇ ਰੱਖਣਾ ਪੈਂਦਾ ਸੀ ਤਾਂ ਜੋ ਉਨ੍ਹਾਂ ਦੇ ਥੁੱਕ ਨਾਲ ਗਲ਼ੀ ਗੰਦੀ ਨਾ ਹੋ ਜਾਵੇ। ਉਨ੍ਹਾਂ ਨੇ ਆਪਣੇ ਨਾਲ ਇੱਕ ਘੰਟੀ ਰੱਖਣੀ ਹੁੰਦੀ ਸੀ ਤਾਂ ਕਿ ਜੋ ਉਸ ਗਲ਼ੀ 'ਚੋਂ ਗੁਜ਼ਰ ਰਿਹਾ ਵਿਅਕਤੀ ਘੰਟੀ ਦੀ ਆਵਾਜ਼ ਸੁਣ ਕੇ ਪਹਿਲਾਂ ਹੀ ਆਪਣਾ ਰਾਹ ਬਦਲ ਲਵੇ। ਅਛੂਤਾਂ ਨੂੰ ਪਵਿੱਤਰ ਮੰਤਰਾਂ ਦਾ ਜਾਪ ਕਰਨ ਦੀ ਵੀ ਮਨਾਹੀ ਸੀ।

ਜੋਤਿਬਾ ਫੂਲੇ ਨੇ ਸਮਾਜ ਵਿੱਚ ਪਸਰੀ ਇਸ ਬੇਰਹਿਮੀ ਨੂੰ ਖਤਮ ਕਰਨ ਦਾ ਨਿਰਣਾ ਲਿਆ। ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਸਭ ਤੋਂ ਪਹਿਲਾਂ ਉਸ ਨੇ ਆਪਣੀ ਪਤਨੀ ਨੂੰ ਪੜ੍ਹਾਉਣ ਦਾ ਫੈਸਲਾ ਕੀਤਾ। ਜੋਤਿਬਾ ਫੂਲੇ ਰੋਜ਼ ਖੇਤਾਂ ਵਿੱਚ ਕੰਮ ਕਰਨ ਜਾਂਦੇ ਸਨ ਅਤੇ ਉਨ੍ਹਾਂ ਦੀ ਪਤਨੀ ਸਵਿੱਤਰੀ ਬਾਈ ਦੁਪਹਿਰ ਦਾ ਖਾਣਾ ਲੈ ਕੇ ਆਉਂਦੀ ਸੀ। ਇਸ ਮੌਕੇ ਵਿਹਲ ਕੱਢ ਕੇ ਜੋਤਿਬਾ ਪਤਨੀ ਨੂੰ ਪੜ੍ਹਾਉਂਦੇ ਸਨ। ਇਸ ਦਾ ਪਤਾ ਜਦੋਂ ਜੋਤਿਬਾ ਦੇ ਪਿਤਾ ਨੂੰ ਲੱਗਾ ਤਾਂ ਉਸ ਨੇ ਪਿਛਾਂਹਖਿੱਚੂ ਤੱਤਾਂ ਦੇ ਡਰ ਨਾਲ ਉਨ੍ਹਾਂ ਨੂੰ ਘਰੋਂ ਬਾਹਰ ਕੱਢਣ ਦੀ ਧਮਕੀ ਦਿੱਤੀ। ਇਸ ਸਮੇਂ ਸਵਿੱਤਰੀ ਬਾਈ ਨੇ ਆਪਣੇ ਪਤੀ ਦਾ ਸਾਥ ਦੇਣ ਨੂੰ ਪਹਿਲ ਦਿੱਤੀ। ਉਸ ਨੂੰ ਅਧਿਆਪਕ ਦੀ ਸਿਖਲਾਈ ਲੈਣ ਲਈ ਇੱਕ ਸਕੂਲ ਵਿੱਚ ਭੇਜਿਆ ਜਿੱਥੋਂ 1848 ਵਿੱਚ ਆਪਣੀ ਸਿਖਲਾਈ ਪੂਰੀ ਕਰ ਕੇ ਉਹ ਆਪਣੇ ਪਤੀ ਨਾਲ ਪੂਨੇ 'ਚ ਲੜਕੀਆਂ ਦਾ ਸਕੂਲ ਚਲਾਉਣ ਲੱਗੀ। ਜਿਨ੍ਹਾਂ ਨੌਂ ਵਿਦਿਆਰਥਣਾ ਨੇ ਇਸ ਸਕੂਲ ਵਿੱਚ ਦਾਖਲਾ ਲਿਆ ਉਹ ਵੱਖ ਵੱਖ ਜਾਤੀਆਂ ਵਿੱਚੋਂ ਸਨ। ਰੋਜ਼ਾਨਾ ਘਰ ਛੱਡਣਾ ਅਤੇ ਸਕੂਲ ਜਾਣਾ ਸਵਿੱਤਰੀ ਬਾਈ ਲਈ ਬਹੁਤ ਮੁਸ਼ਕਲ ਹੋ ਗਿਆ। ਉਸ ਸਮੇਂ ਔਰਤਾਂ ਦੀ ਪੜ੍ਹਾਈ ਨੂੰ ਹਕਾਰਤ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਇਹ ਸਮਝਿਆ ਜਾਂਦਾ ਸੀ ਕਿ ਪੜ੍ਹੀਆਂ ਔਰਤਾਂ ਜਦੋਂ ਆਪਣੇ ਪਤੀਆਂ ਲਈ ਖਾਣਾ ਬਣਾਉਣਗੀਆਂ ਤਾਂ ਉਹ ਖਾਣਾ ਕੀੜਿਆਂ ਵਿੱਚ ਬਦਲ ਜਾਵੇਗਾ ਅਤੇ ਉਹ ਅਣਿਆਈ ਮੌਤ ਮਰ ਜਾਣਗੇ।



ਸਵਿੱਤਰੀ ਬਾਈ ਜਦੋਂ ਸਕੂਲ ਜਾਣ ਲਈ ਆਪਣੇ ਘਰੋਂ ਨਿਕਲਦੀ ਸੀ ਤਾਂ ਪਿਛਾਖੜੀ ਸੋਚ ਦੇ ਮਰਦਾਂ ਦਾ ਝੁੰਡ ਉਸ ਦਾ ਪਿੱਛਾ ਕਰਦਾ ਸੀ। ਉਹ ਗੰਦ-ਮੰਦ ਬੋਲਦੇ ਅਤੇ ਉਸ 'ਤੇ ਆਂਡੇ, ਟਮਾਟਰ, ਗੋਹਾ ਤੇ ਪੱਥਰ ਸੁੱਟਦੇ ਸਨ। ਉਹ ਚੁੱਪ ਵੱਟ ਕੇ ਸਕੂਲ ਪਹੁੰਚਦੀ ਸੀ। ਜੋਤਿਬਾ ਫੂਲੇ ਨੇ ਉਸ ਨੂੰ ਦੋ ਸਾੜ੍ਹੀਆਂ ਦਿੱਤੀਆਂ। ਇੱਕ ਸਾੜ੍ਹੀ ਉਹ ਸਕੂਲ ਜਾਂਦੇ ਵਕਤ ਪਹਿਨਦੀ ਅਤੇ ਸਕੂਲ ਪਹੁੰਚ ਕੇ ਗੰਦਮੰਦ ਨਾਲ ਲਿੱਬੜੀ ਇਸ ਸਾੜ੍ਹੀ ਨੂੰ ਲਾਹ ਕੇ ਦੂਜੀ ਪਹਿਨ ਲੈਂਦੀ। ਘਰ ਵਾਪਿਸ ਆਉਂਦੇ ਸਮੇਂ ਉਹ ਪਹਿਲੀ ਗੰਦੀ ਸਾੜ੍ਹੀ ਹੀ ਪਹਿਨ ਲੈਂਦੀ। ਇਕ ਦਿਨ ਤੰਗ ਆ ਕੇ ਸਵਿੱਤਰੀ ਬਾਈ ਨੇ ਉਸ ਨੂੰ ਤੰਗ ਕਰਨ ਵਾਲੇ ਇੱਕ ਆਦਮੀ ਦੇ ਚਪੇੜ ਜੜ ਦਿੱਤੀ। ਉਸ ਨੇ ਸਕੂਲ ਵਿੱਚ ਪੜ੍ਹਾਉਣਾ ਜਾਰੀ ਰੱਖਿਆ। ਉਸ ਨੇ ਹੋਰ ਕਈ ਸਿਖਲਾਈ ਸਕੂਲ ਵੀ ਖੋਲ੍ਹੇ। ਇਨ੍ਹਾਂ ਕਾਰਜਾਂ ਲਈ ਬਰਤਾਨਵੀ ਸਰਕਾਰ ਨੇ ਉਸ ਨੂੰ ਸ਼ਾਲ ਅਤੇ ਹੋਰ ਚਿਨ੍ਹਾਂ ਨਾਲ ਸਨਮਾਨਿਤ ਕੀਤਾ।

ਸਵਿੱਤਰੀ ਬਾਈ ਨੇ ਆਪਣੇ ਪਤੀ ਵਲੋਂ ਸ਼ੁਰੂ ਕੀਤੇ ਹਰ ਸਮਾਜਿਕ ਸੰਘਰਸ਼ ਵਿੱਚ ਸਾਥ ਦਿੱਤਾ। ਇਕ ਵਾਰ ਜੋਤਿਬਾ ਫੂਲਾ ਨੇ ਇੱਕ ਔਰਤ ਨੂੰ ਦਰਿਆ ਵੱਲ ਜਾਂਦੇ ਦੇਖਿਆ। ਉਸ ਨੂੰ ਸ਼ੱਕ ਹੋਇਆ ਕਿ ਇਹ ਔਰਤ ਆਪਣੀ ਜੀਵਨ ਲੀਲ੍ਹਾ ਖਤਮ ਕਰ ਸਕਦੀ ਹੈ। ਜੋਤਿਬਾ ਨੇ ਉਸ ਨੂੰ ਪਕੜ ਲਿਆ

ਅਤੇ ਉਸ ਨੂੰ ਯਕੀਨ ਦੁਆਇਆ ਕਿ ਜਿਹੜਾ ਬੱਚਾ ਉਸ ਦੀ ਕੁੱਖ ਵਿੱਚ ਪਲ ਰਿਹਾ ਹੈ ਉਸ ਨੂੰ ਉਹ ਪਿਤਾ ਦਾ ਨਾਂ ਦੇਵੇਗਾ। ਬਹੁਤ ਮਨਾਉਣ 'ਤੇ ਉਹ ਔਰਤ ਜੋਤਿਬਾ ਫੂਲਾ ਨਾਲ ਉਸ ਦੇ ਘਰ ਆ ਗਈ। ਸਵਿੱਤਰੀ ਬਾਈ ਨੇ ਉਸ ਔਰਤ ਨੂੰ ਹਰ ਮੱਦਦ ਕਰਨ ਦਾ ਭਰੋਸਾ ਦੁਆਇਆ। ਉਸ ਔਰਤ ਦੇ ਜਿਹੜਾ ਪੁੱਤਰ ਜਨਮਿਆਂ ਉਸ ਨੂੰ ਸਵਿੱਤਰੀ ਤੇ ਜੋਤਿਬਾ ਨੇ ਅਪਣਾ ਲਿਆ। ਉਸ ਦਾ ਨਾਂ ਯਸ਼ਵੰਤ ਰੱਖਿਆ ਗਿਆ ਜਿਹੜਾ ਬਾਅਦ ਵਿੱਚ ਡਾਕਟਰ ਬਣਿਆਂ ਅਤੇ ਉਸ ਨੇ ਹੀ ਜੋਤਿਬਾ ਦੀ ਚਿਤਾ ਨੂੰ ਅਗਨੀ ਦਿਖਾਈ।

ਇਸ ਘਟਨਾ ਨੇ ਫੂਲੇ ਜੋੜੀ ਨੂੰ ਹਿੰਦੂ ਸਮਾਜ ਵਿੱਚ ਵਿਧਵਾਵਾਂ ਦੀ ਦੁਰਦਸ਼ਾ ਬਾਰੇ ਸੋਚਣ ਲਈ ਮਜਬੂਰ ਕੀਤਾ। ਮਰਦ ਆਪਣੀ ਹਵਸ ਪੂਰੀ ਕਰਨ ਲਈ ਔਰਤਾਂ ਦਾ ਸ਼ੋਸ਼ਣ ਕਰਦੇ ਸਨ ਜਿਸ ਨਾਲ ਔਰਤਾਂ ਖੁਦਕੁਸ਼ੀ ਕਰਨ ਲਈ ਬੇਵਸ ਹੋ ਜਾਂਦੀਆਂ ਸਨ। ਇਸ ਲਈ ਸਵਿੱਤਰੀ ਬਾਈ ਤੇ ਜੋਤਿਬਾ ਫੂਲੇ ਨੇ ਅਜਿਹੀਆਂ ਔਰਤਾਂ ਲਈ ' ਡਲਿਵਰੀ ਹੋਮ' ਬਣਾਏ ਜਿਨ੍ਹਾਂ ਨੂੰ ' ਬਾਲ ਹੱਤਿਆ ਰੋਕੂ ਘਰਾਂ' ਵਜੋਂ ਜਾਣਿਆਂ ਜਾਂਦਾ ਸੀ। ਉਨ੍ਹੀ ਦਿਨੀ ਬੁੱਢੇ ਆਦਮੀਆਂ ਦਾ ਛੋਟੀ ਉਮਰ ਦੀਆਂ ਕੁੜੀਆਂ ਨਾਲ ਵਿਆਹ ਦਾ ਰਿਵਾਜ਼ ਸੀ। ਬੁੱਢਾ ਆਦਮੀ ਤਾਂ ਆਪਣੀ ਵਧਦੀ ਉਮਰ ਜਾਂ ਬਿਮਾਰੀ ਨਾਲ ਮਰ ਜਾਂਦਾ ਤੇ ਪਿੱਛੇ ਛੋਟੀ ਉਮਰ ਦੀ ਕੁੜੀ ਨੂੰ ਵਿਧਵਾ ਕਰ ਕੇ ਛੱਡ ਜਾਂਦਾ। ਵਿਧਵਾਵਾਂ ਨੂੰ ਸੋਹਣੀਆਂ ਦਿਖਣ ਤੇ ਹਾਰ-ਸ਼ਿੰਗਾਰ ਕਰਨ ਦੀ ਇਜਾਜਤ ਨਹੀਂ ਸੀ। ਉਨ੍ਹਾਂ ਨੂੰ ਆਪਣਾ ਸਿਰ ਮਨਵਾਉਣਾ ਪੈਂਦਾ ਅਤੇ ਸਮਾਜ ਵਲੋਂ ਉਨ੍ਹਾਂ ਨੂੰ ਜ਼ਿੰਦਗੀ ਦੇ ਸਾਰੇ ਸੁੱਖਾਂ ਤੋਂ ਵਾਂਝੇ ਕਰ ਕੇ ਸਾਦਾ ਜੀਵਨ ਬਤੀਤ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ। ਸਵਿੱਤਰੀ ਬਾਈ ਤੇ ਜੋਤਿਬਾ ਫੂਲੇ ਨੇ ਵਿਧਵਾਵਾਂ ਦੀ ਇਸ ਪੀੜ ਨੂੰ ਮਹਿਸੂਸ ਕੀਤਾ। ਉਨ੍ਹਾਂ ਨੇ ਨਾਈਆਂ ਦੀ ਜਥੇਬੰਦੀ ਬਣਾ ਕੇ ਉਨ੍ਹਾਂ ਨੂੰ ਵਿਧਵਾਵਾਂ ਦੇ ਸਿਰ ਦੇ ਵਾਲ ਨਾ ਕੱਟਣ ਲਈ ਤਿਆਰ ਕੀਤਾ। ਇਹ ਆਪਣੀ ਕਿਸਮ ਦੀ ਪਹਿਲੀ ਹੜਤਾਲ ਸੀ।

ਸਵਿੱਤਰੀ ਬਾਈ ਤੇ ਜੋਤਿਬਾ ਫੂਲੇ ਨੇ ਹਰ ਤਰ੍ਹਾਂ ਦੀਆਂ ਸਮਾਜਿਕ ਬੁਰਾਈਆਂ ਅਤੇ ਵਿਤਕਰਿਆਂ ਖਿਲਾਫ ਸੰਘਰਸ਼ ਕੀਤਾ। ਉਹ ਦਲਿਤਾਂ ਦੀ ਤਰਸਯੋਗ ਹਾਲਤ ਨੂੰ ਦੇਖ ਕੇ ਬੇਚੈਨ ਹੋ ਗਏ। ਦਲਿਤਾਂ ਨੂੰ ਉੱਚੀ ਜਾਤੀ ਲਈ ਬਣੇ ਖੂਹਾਂ ਤੋਂ ਪੀਣ ਦਾ ਪਾਣੀ ਲੈਣ ਦੀ ਵੀ ਮਨਾਹੀ ਸੀ। ਸਵਿੱਤਰੀ ਬਾਈ ਤੇ ਜੋਤਿਬਾ ਫੂਲੇ ਨੇ ਆਪਣੇ ਲਈ ਬਣੇ ਪਾਣੀ ਦੇ ਸਰੋਤਾਂ ਨੂੰ ਦਲਿਤਾਂ ਲਈ ਖੋਲ੍ਹ ਦਿੱਤਾ। ਸਵਿੱਤਰੀ ਬਾਈ ਆਪਣੇ ਪਤੀ ਵਲੋਂ ਆਰੰਭ ਕੀਤੇ ਹਰ ਕਾਰਜ ਵਿੱਚ ਉਨ੍ਹਾਂ ਦਾ ਸਾਥ ਦਿੰਦੀ ਸੀ। ਜੋਤਿਬਾ ਨੇ ਦਬੇ-ਕੁਚਲੇ ਲੋਕਾਂ ਦੀ ਮੁਕਤੀ ਲਈ ਜੀਅ ਤੋੜ ਮੁਸ਼ਕਤ ਕੀਤੀ। ਜੋਤਿਬਾ ਫੂਲੇ ਦੀ 1890 ਵਿੱਚ ਮੌਤ ਤੋਂ ਬਾਅਦ ਸਵਿੱਤਰੀ ਬਾਈ ਨੇ' ਸੱਤਿਆ ਬੋਧਕ' ਸਮਾਜ ਦੀ ਜ਼ਿੰਮੇਵਾਰੀ ਨਿਭਾਈ ਜਿਸ ਦੀ ਸਥਾਪਨਾ ਉਸ ਦੇ ਪਤੀ ਨੇ ਕੀਤੀ ਸੀ। ਉਹ ਆਪਣੀਆਂ ਜ਼ਿੰਮੇਵਾਰੀਆਂ 'ਤੇ ਪੂਰੀ ਉੱਤਰੀ। ਉਹ ਸਭਾਵਾਂ ਦੀ ਪ੍ਰਧਾਨਗੀ ਕਰਦੀ ਸੀ ਅਤੇ ਵਰਕਰਾਂ ਨੂੰ ਰਾਹ ਦਿਖਾਉਂਦੀ ਸੀ। ਉਸ ਨੇ ਨਿਰੰਤਰ ਪਲੇਗ ਤੋਂ ਪੀੜਤ ਲੋਕਾਂ ਲਈ ਕੰਮ ਕੀਤਾ। ਉਨ੍ਹਾਂ ਨੇ ਗਰੀਬ ਬੱਚਿਆਂ ਲਈ ਕੈਂਪ ਲਾਏ। ਕਿਹਾ ਜਾਂਦਾ ਹੈ ਕਿ ਮਹਾਂਮਾਰੀ ਦੇ ਸਮੇਂ ਉਹ ਰੋਜਾਨਾ 2000 ਬੱਚਿਆਂ ਨੂੰ ਖਾਣਾ ਖੁਆਉਂਦੀ ਸੀ। ਬੀਮਾਰ ਬੱਚਿਆਂ ਦੀ ਸੇਵਾ -ਸੰਭਾਲ ਕਰਦਿਆਂ ਉਹ ਖੁਦ ਬੀਮਾਰੀ ਦੀ ਸ਼ਿਕਾਰ ਹੋ ਗਈ ਅਤੇ 10 ਮਾਰਚ 1897 ਨੂੰ ਉਨ੍ਹਾਂ ਦੀ ਮੌਤ ਹੋ ਗਈ।

ਸਵਿੱਤਰੀ ਬਾਈ ਦੀਆਂ ਕਵਿਤਾਵਾਂ ਅਤੇ ਹੋਰ ਰਚਨਾਵਾਂ ਲੋਕਾਂ ਲਈ ਪ੍ਰੇਰਨਾ ਦੇ ਸਰੋਤ ਹਨ। ਉਹ ਪਹਿਲੀ ਔਰਤ ਅਧਿਆਪਕ, ਪਹਿਲੀ ਸਿੱਖਿਆ ਸ਼ਾਸਤਰੀ ਤੇ ਪਹਿਲੀ ਕਵਿੱਤਰੀ ਸੀ। ਇਸ ਸਭ ਤੋਂ ਵਧ ਕੇ ਉਹ ਔਰਤ ਮੁਕਤੀ ਦੀ ਮੋਹਰੀ ਸੀ। ਉਨ੍ਹਾਂ ਦੀਆਂ ਕਵਿਤਾਵਾਂ ਦੀਆਂ ਦੋ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ। ਜੇਕਰ ਸਵਿੱਤਰੀ ਬਾਈ ਉਨ੍ਹਾਂ ਔਖੇ ਇਮਤਿਹਾਨਾਂ 'ਚੋਂ ਨਾ ਗੁਜਰਦੀ ਤਾਂ ਭਾਰਤ ਦੀਆਂ ਔਰਤਾਂ ਅੱਜ ਉਹ ਸਥਾਨ ਪ੍ਰਾਪਤ ਨਹੀਂ ਸੀ ਕਰ ਸਕਦੀਆਂ ਜਿਹੜੀ ਉਨ੍ਹਾਂ ਨੇ ਸਮਾਜ ਵਿੱਚ ਪ੍ਰਾਪਤ ਕੀਤੀ ਹੈ।

❈ ❈ ❈ ❈ ❈

.....ਪੰਨਾ 19 ਤੋਂ ਅੱਗੇ

ਵੀ ਕਈ ਜਗ੍ਹਾ ਤੋਂ ਟੁੱਟ ਗਈ ਸੀ। ਇਸ ਨਾਲ ਲੋਕਾਂ ਨੂੰ ਅਤਿ ਦੀ ਪ੍ਰੇਸ਼ਾਨੀ ਹੁੰਦੀ ਹੈ। ਸੋ ਅੱਜ ਦਾ ਇਹ ਇਕੱਠ ਜ਼ਿਲ੍ਹਾ ਪ੍ਰਸ਼ਾਸ਼ਨ ਤੋਂ ਤੁਰੰਤ ਨਹਿਰ ਦੀ ਮੁਰੰਮਤ ਦੀ ਮੰਗ ਕਰਦਾ ਹੈ। ਇਸ ਦੇ ਨਾਲ ਹੀ ਮੰਗ ਕੀਤੀ ਜਾਂਦੀ ਹੈ ਕਿ ਸ਼ਹਿਰ ਦੀ ਖੂਬਸੂਰਤੀ ਲਈ ਇਸ ਨਹਿਰ ਦੇ ਕੰਢਿਆਂ ਤੇ ਜੰਗਲੀ ਝਾੜੀਆਂ ਦੀ ਸਫਾਈ ਕਰਵਾਉਣ ਅਤੇ ਇਸ ਦੀ ਥਾਂ ਫੁੱਲਦਾਰ ਅਤੇ ਓਰਨਾਮੈਂਟਲ ਦਰਖਤ/ ਪੌਦੇ ਲਗਾਕੇ ਇਸ ਨੂੰ ਆਕਰਸ਼ਕ ਬਣਾਉਣ ਲਈ ਇਕ ਪ੍ਰੋਜੈਕਟ ਤਿਆਰ ਕੀਤਾ ਜਾਵੇ ਅਤੇ ਇਸ ਕੰਮ ਲਈ ਸ਼ਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ ਦੀ ਸਹਾਇਤਾ ਵੀ ਲੈ ਲਈ ਜਾਵੇ।

**ਮਤਾ ਨੰਬਰ: 4–** ਰੂਪਨਗਰ ਸ਼ਹਿਰ ਦੇ ਬਰਸਾਤੀ ਪਾਣੀ ਦੀ ਨਿਕਾਸੀ ਸਬੰਧੀ:- ਰੂਪਨਗਰ ਸ਼ਹਿਰ ਦੀਆਂ ਨਵੀਆਂ ਅਤੇ ਨੀਵੀਆਂ ਕਲੋਨੀਆਂ ਵਿਚ ਬਰਸਾਤੀ ਪਾਣੀ ਬਹੁਤ ਨੁਕਸਾਨ ਕਰਦਾ ਹੈ। ਇਸ ਮਤੇ ਰਾਹੀਂ ਅੱਜ ਦਾ ਇਕੱਠ ਜ਼ਿਲ੍ਹਾ ਪ੍ਰਸ਼ਾਸ਼ਨ ਪਾਸੋਂ ਇਹ ਮੰਗ ਕਰਦਾ ਹੈ ਕਿ ਰੂਪਨਗਰ ਸ਼ਹਿਰ ਦੇ ਬਰਸਾਤੀ ਪਾਣੀ ਦੇ ਨਿਕਾਸ ਲਈ ਇਕ ਸਰਵੇ ਕਰਕੇ ਯੋਗ ਥਾਵਾਂ ਤੇ ਵੱਡੀਆਂ ਡਰੇਨਾਂ ਦੀ ਉਸਾਰੀ ਕਰਵਾਈ ਜਾਵੇ ਅਤੇ ਇਹ ਬਰਸਾਤੀ ਪਾਣੀ ਸ਼ਹਿਰ ਤੋਂ ਬਾਹਰ ਲਿਜਾਇਆ ਜਾਵੇ ਤਾਂ ਜੋ ਸਹਿਰ ਨਿਵਾਸੀਆਂ ਨੂੰ ਹਰ ਸਾਲ ਬਰਸਾਤੀ ਪਾਣੀ ਦੀ ਮਾਰ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕੇ

ਇਨ੍ਹਾਂ ਮਤਿਆਂ ਅਨੁਸਾਰ ਲੋੜੀਦੀ ਕਾਰਵਾਈ ਕਰਨ ਹਿਤ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਪ੍ਰਧਾਨਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਮਤਿਆਂ ਦੀਆਂ ਕਾਪੀਆਂ ਭੇਜ ਕੇ ਬੇਨਤੀ ਕਰ ਦਿੱਤੀ ਗਈ ਹੈ।



# ਮੇਰਾ ਪੰਜਾਬ

**ਡਾ. ਅਜਮੇਰ ਸਿੰਘ**
ਸੈਣੀ ਭਵਨ, ਰੂਪਨਗਰ

ਇਤਿਹਾਸ ਵਿੱਚ ਸਪਤਸਿੰਧੂ, ਪੰਚਨਾਦ (ਪੰਜ ਦਰਿਆਵਾਂ- ਸਤਲੁਜ, ਬਿਆਸ, ਰਾਵੀ, ਚਨਾਬ ਤੇ ਜਿਹਲਮ ਦੀ ਧਰਤੀ) ਜਾਂ ਪੈਂਟਾਪੋਟਾਮੀਆਂ ਨਾਵਾਂ ਨਾਲ ਜਾਣਿਆਂ ਜਾਂਦਾ ਪੰਜਾਬ, ਭਾਰਤ ਦਾ ਉੱਤਰ-ਪੱਛਮੀ ਸੂਬਾ ਹੈ। ਇਹ ਉੱਤਰ ਅਤੇ ਉੱਤਰਪੂਰਬ ਵਿੱਚ ਹਿਮਾਚਲ ਪ੍ਰਦੇਸ਼, ਦੱਖਣ ਅਤੇ ਦੱਖਣਪੂਰਬ ਵਿੱਚ ਹਰਿਆਣਾ, ਦੱਖਣਪੱਛਮ ਵੱਲ ਰਾਜਿਸਥਾਨ, ਪੂਰਬ ਵੱਲ ਯੂਨੀਅਨ ਟੈਰੇਟਰੀ ਚੰਡੀਗੜ੍ਹ, ਉੱਤਰ ਵੱਲ ਜੰਮੂ ਕਸ਼ਮੀਰ ਅਤੇ ਪੱਛਮ ਵੱਲ ਪਾਕਿਸਤਾਨ ਦੇ ਅੰਤਰਰਾਸ਼ਟਰੀ ਬਾਰਡਰ ਨਾਲ ਘਿਰਿਆ ਹੋਇਆ ਹੈ। ਪੰਜਾਬ ਨੇ ਆਪਣੇ ਪਿੰਡੇ ਵਿੱਚ ਭਿੰਨ ਭਿੰਨ ਪ੍ਰਕਾਰ ਦੇ ਸੱਭਿਆਚਾਰਾਂ ਵਾਲੇ ਕਬੀਲਿਆਂ ਅਤੇ ਬਸਤੀਆਂ ਨੂੰ ਸਮੋਇਆ ਹੋਇਆ ਹੈ ਜਿਸ ਕਰ ਕੇ ਇਹ ਅਮੀਰ ਸੱਭਿਅਤਾ ਦਾ ਕੇਂਦਰ ਹੈ। ਇਤਿਹਾਸਕਾਰਾਂ ਅਨੁਸਾਰ ਪੰਜਾਬੀ ਸੱਭਿਆਚਾਰ ਵਿੱਚ ਕੰਬੋਜ, ਦਰਾਦਾਸ, ਕੈਕਯਾ, ਆਂਧਰਾ, ਪੌਰਵਾਂ, ਯੁਧਆਸ, ਮਾਲਵਾ, ਸੈਨਧਵ ਅਤੇ ਕੁਰੂ ਕਬੀਲਿਆਂ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਇਲਾਕੇ ਵਿੱਚ ਹੀ 3000 ਬੀ ਸੀ ਤੋਂ 1900 ਬੀ ਸੀ ਤੱਕ ਸਿੰਧ ਘਾਟੀ ਦੀ ਸੱਭਿਅਤਾ ਵਧੀ ਫੁੱਲੀ। ਵੈਦਿਕ ਕਾਲ (1500-500 ਬੀ ਸੀ) ਦੌਰਾਨ ਇੱਥੇ ਮੱਧ ਏਸ਼ੀਆ ਦੇ ਇਰਾਨ ਆਦਿ ਦੇਸ਼ਾਂ ਦੇ ਇਲਾਕਿਆਂ ਵਿੱਚੋਂ ਆਰੀਆ ਲੋਕਾਂ ਦੀ ਆਮਦ ਹੋਈ ਜਿਸ ਦੌਰਾਨ (1500 ਬੀ ਸੀ-1200ਬੀਸੀ) ਇੱਥੇ ਰਿੱਗ ਵੇਦ ਸਮੇਤ ਹੋਰ ਹਿੰਦੂ ਧਾਰਮਿਕ ਗ੍ਰੰਥਾਂ ਦੀ ਰਚਨਾ ਹੋਈ। ਇਸ ਸਮੇਂ ਪੰਜਾਬ ਵਿਦਵਤਾ ਦਾ ਕੇਂਦਰ ਸੀ। ਪੰਜਵੀਂ-ਛੇਵੀਂ ਸਦੀ ਈਸਵੀ ਪੂਰਬ ਵਿੱਚ ਇੱਥੇ ਮਹਾਂਜਨਪਦ ਵੰਸ਼ ਰਾਜ ਕਰਦਾ ਰਿਹਾ ਅਤੇ ਬੁੱਧ ਤੇ ਜੈਨ ਧਰਮ ਹੋਂਦ ਵਿੱਚ ਆਏ ਜਿਨ੍ਹਾਂ ਨੇ ਵੈਦਕ ਧਰਮ ਦੇ ਸਿਧਾਂਤਾਂ 'ਤੇ ਸਵਾਲ ਖੜ੍ਹੇ ਕੀਤੇ।

ਯੂਨਾਨ ਦੇ ਮਹਾਨ ਯੋਧੇ ਸਕੰਦਰ ਨੇ 326 ਬੀ ਸੀ ਵਿੱਚ ਪੰਜਾਬ ਨੂੰ ਵੰਗਾਰਿਆ ਤਾਂ ਜਿਹਲਮ ਤੇ ਚਨਾਬ ਦੇ ਵਿਚਕਾਰਲੇ ਇਲਾਕੇ 'ਤੇ ਕਾਬਜ ਪੂਰਵਾਸ ਵੰਸ਼ ਦੇ ਰਾਜਾ ਪੋਰਸ ਨੇ ਹਾਈਡੈਸਪਸ( ਜੇਹਲਮ) ਦੀ ਲੜਾਈ ਵਿੱਚ ਉਸ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ। ਇਸ ਤੋਂ ਬਾਅਦ ਆਏ ਨੰਦਾ ਵੰਸ਼ ਦੇ ਰਾਜਿਆਂ ਨੇ ਪੰਜਾਬ ਦੇ ਗੌਰਵ ਨੂੰ ਹੋਰ ਵਧਾਇਆ ਅਤੇ ਫਿਰ 322 ਬੀ ਸੀ-185 ਬੀ ਸੀ ਤੱਕ ਮੋਰੀਆ ਖਾਨਦਾਨ ਦੇ ਅਸੋਕ ਵਰਗੇ ਧਰਮੀ ਰਾਜਿਆਂ ਨੇ ਇੱਥੇ ਬੁੱਧ ਧਰਮ ਨੂੰ ਫੈਲਾਇਆ। ਉਜਬੇਕਿਸਤਾਨ ਤੋਂ ਆਏ ਕੁਸ਼ਨ ਵੰਸ਼ ਦੇ ਰਾਜਿਆਂ ਨੇ 30 ਈ ਤੋਂ 375 ਈ. ਤੱਕ ਪੰਜਾਬ ਦੇ ਰਾਜ ਪ੍ਰਬੰਧ ਨੂੰ ਕੁਸ਼ਲਤਾਪੂਰਬਕ ਚਲਾਇਆ। ਇਸ ਵੰਸ਼ ਦੇ ਰਾਜਾ ਕਨਿਸ਼ਕ ਨੇ ਫੌਜੀ, ਰਾਜਨੀਤਿਕ ਅਤੇ ਧਾਰਮਿਕ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਇਨ੍ਹਾਂ ਤੋਂ ਬਾਅਦ ਪੰਜਾਬ ਵਿੱਚ ਗੁਪਤ ਕਾਲ (319 ਈ-550 ਈ) ਤੱਕ ਚੰਦਰ ਗੁਪਤ ਮੋਰੀਆ ਤੇ ਬਿੱਕਰਮਾਦਿੱਤ ਜਿਹੇ ਰਾਜਿਆਂ ਨੇ ਇਸ ਦੇ ਸ਼ਾਸਨ ਨੂੰ ਆਧੁਨਿਕ ਲੀਹਾਂ 'ਤੇ ਤੋਰਿਆ। ਫਿਰ ਇੱਥੇ ਹੂੰਨ, ਤੁਰਕਿਕ ਅਤੇ ਮੰਗੋਲ ਜਿਹੇ ਅਸੱਭਿਅਕ ਕਬੀਲੇ ਭਾਰੂ ਰਹੇ ਅਤੇ ਰਾਜਾ ਹਰਸ਼ਵਰਧਨ ਨੇ 590ਈ.ਤੋਂ 647 ਈ. ਤੱਕ ਰਾਜ ਕੀਤਾ ਜਿਸ ਦੌਰਾਨ ਚੀਨੀ ਯਾਤਰੂ ਹਿਊਨਸਾਂਗ ਨੇ ਰਾਜ ਦਰਬਾਰ ਦੀ ਸਰਪ੍ਰਸਤੀ ਹੇਠ ਉਸ ਸਮੇਂ ਦੇ ਹਾਲਾਤਾਂ ਨੂੰ ਲਿਖਤੀ ਰੂਪ ਦਿੱਤਾ।

ਸੰਨ 1192 ਵਿੱਚ ਪੰਜਾਬ ਮੁਸਲਿਮ ਸ਼ਾਸਕਾਂ ਦੇ ਅਧੀਨ ਆ ਗਿਆ। ਅਫਗਾਨਿਸਤਾਨ ਤੋਂ ਆਏ ਮੁਹੰਮਦ ਗੌਰੀ ਨੇ ਸਥਾਨਿਕ ਭਾਰਤੀ ਰਾਜਿਆਂ ਦੀ ਫੁੱਟ ਦਾ ਲਾਭ ਲੈਂਦਿਆਂ ਬਹਾਦੁਰ ਰਾਜਾ ਪ੍ਰਿਥਵੀ ਰਾਜ ਚੌਹਾਨ ਨੂੰ ਹਰਾ ਕੇ ਰਾਜ ਸਥਾਪਿਤ ਕਰ ਲਿਆ। ਇਸ ਤੋਂ ਬਾਅਦ ਸੰਨ 1206 ਈ. ਤੋਂ 1526 ਈ. ਤੱਕ ਮਮਲੁਕ, ਖਿਲਜੀ, ਤੁਗਲਕ, ਸਈਅਦ, ਲੋਦੀ ਰਾਜਿਆਂ ਨੇ ਪੰਜਾਬ 'ਤੇ ਰਾਜ ਕੀਤਾ। ਤੈਮੂਰ ਅਤੇ ਚੰਗੇਜ਼ ਖਾਨ ਦੇ ਵੰਸ਼ਜ ਬਾਬਰ ਨੇ 1526 ਵਿੱਚ ਇਬਰਾਹੀਮ ਲੋਦੀ ਨੂੰ ਹਰਾ ਕੇ ਮੁਗਲ ਵੰਸ਼ ਦਾ ਰਾਜ ਕਾਇਮ ਕੀਤਾ ਜਿਸ ਦੇ ਅਕਬਰ ਤੇ ਔਰੰਗਜ਼ੇਬ ਜਿਹੇ 20 ਰਾਜਿਆਂ ਨੇ 1857 ਤੱਕ ਪੂਰੀ ਕੱਟੜਤਾ ਨਾਲ ਚਲਾਇਆ। ਇਸ ਸਮੇਂ ਇਸਲਾਮ ਧਰਮ ਵਧਿਆ-ਫੁੱਲਿਆ ਅਤੇ ਫਾਰਸੀ, ਅਰਬੀ ਆਦਿ ਭਾਸ਼ਾਵਾਂ ਦਾ ਬੋਲਬਾਲਾ ਰਿਹਾ।

ਪੰਦਰ੍ਹਵੀਂ ਤੋਂ ਸਤਾਰ੍ਹਵੀਂ ਸਦੀਆਂ ਵਿਚਕਾਰ ਪੰਜਾਬ ਵਿੱਚ ਸਿੱਖ ਧਰਮ ਦੇ ਗੁਰੂਆਂ ਨੇ ਲੋਕਾਂ ਦੀ ਜਮੀਰ ਨੂੰ ਜਗਾਉਣ ਦਾ ਕਾਰਜ ਕੀਤਾ ਅਤੇ ਜਾਲਮ ਸ਼ਾਸਕਾਂ ਦੀ ਸ਼ਕਤੀ ਨੂੰ ਵੰਗਾਰਿਆ। ਇਸ ਪਵਿੱਤਰ ਕੰਮ ਲਈ ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦੁਰ, ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਤੋਂ ਇਲਾਵਾ ਬੰਦਾ ਸਿੰਘ ਬਹਾਦੁਰ ਅਤੇ ਹੋਰ ਅਨੇਕਾਂ ਸਿੰਘਾਂ ਨੂੰ ਕੁਰਬਾਨੀਆਂ ਵੀ ਦੇਣੀਆਂ ਪਈਆਂ। ਸਿੱਖ ਯੋਧਿਆਂ ਨੇ ਨਾਦਰ ਸ਼ਾਹ (1738-1740), ਅਹਿਮਦ ਸ਼ਾਹ ਦੁਰਾਨੀ ( 1747-1772) ਅਤੇ ਤੈਮੂਰ ਸ਼ਾਹ (1772-1793) ਦੇ ਹਮਲਿਆਂ ਦਾ ਮੁਕਾਬਲਾ ਕਰਦਿਆਂ ਇਨ੍ਹਾਂ ਦੇ ਪੰਜਾਬ ਵਿੱਚ ਪੈਰ ਨਹੀਂ ਲੱਗਣ ਦਿੱਤੇ। ਇਸ ਸਮੇਂ ਦਾ ਸਿੱਖੀ ਇਤਿਹਾਸ ਪੰਜਾਬੀਆਂ ਦੀ ਦ੍ਰਿੜ੍ਹਤਾ ਅਤੇ ਸਿਰੜ ਦਾ ਸ਼ਿਖਰ ਹੈ। ਇਸ ਦੇ ਨਤੀਜੇ ਵਜੋਂ 1748 ਈ.ਤੋਂ ਵਿੱਚ 12 ਸਿੱਖ ਮਿਸਲਾਂ ਹੋਂਦ ਵਿੱਚ ਆਈਆਂ ਜਿਨ੍ਹਾਂ ਨੇ 1799 ਈ. ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਸਥਾਪਿਤ ਕਰ ਦਿੱਤਾ। ਇਸ ਪੰਜਾਬੀ ਸੂਰਮੇ ਨੇ ਸ. ਹਰੀ ਸਿੰਘ ਨਲੂਆ ਅਤੇ ਅਕਾਲੀ ਫੂਲਾ ਸਿੰਘ ਜਿਹੇ ਜਰਨੈਲਾਂ ਦੀ ਸਹਾਇਤਾ ਨਾਲ ਭਾਰਤ ਦੇ ਪੱਛਮ ਵਲੋਂ ਹੋ ਰਹੇ ਅਫਗਾਨਾਂ ਦੇ ਹਮਲਿਆਂ 'ਤੇ ਪੱਕੀ ਰੋਕ ਲਾ ਦਿੱਤੀ। ਉਸ ਨੇ ਆਪਣੀ ਮੌਤ ਤੱਕ ਅੰਗਰੇਜ਼ਾਂ ਨੂੰ ਵੀ

ਪੰਜਾਬ ਵਿੱਚ ਪੈਰ ਨਹੀਂ ਧਰਨ ਦਿੱਤਾ। ਬਦਕਿਸਮਤੀ ਨਾਲ ਰਣਜੀਤ ਸਿੰਘ ਦੇ ਅਕਾਲਚਲਾਣੇ ਨਾਲ ਹੀ 1849 ਵਿੱਚ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ। ਇਸ ਵਿਦੇਸ਼ੀ ਸ਼ਾਸਨ ਤੋਂ ਮੁਕਤੀ ਲੈਣ ਲਈ ਪੰਜਾਬ ਦੇ ਭਗਤ ਸਿੰਘ, ਊਧਮ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਹੋਰ ਸੈਕੜੇ ਮਰਜੀਵੜਿਆਂ ਨੇ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ।

ਸੰਨ 1947 ਤੱਕ ਪੰਜਾਬ ਪਿਸ਼ਾਵਰ ਤੋਂ ਦਿੱਲੀ ਤੱਕ 357000 ਵਰਗਕਿਲੋਮੀਟਰ ਖੇਤਰਫਲ ਵਾਲਾ ਭਾਰਤ ਦਾ ਸਭ ਤੋਂ ਵੱਡਾ ਸੂਬਾ ਸੀ। ਇਹ ਰਾਵਲਪਿੰਡੀ, ਲਾਹੌਰ, ਮੁਲਤਾਨ, ਜਲੰਧਰ, ਦਿੱਲੀ ਡਿਵੀਜ਼ਨਾਂ ਅਤੇ ਰਿਆਸਤਾਂ ਵਿੱਚ ਵੰਡਿਆਂ ਹੋਇਆ ਸੀ। ਦੇਸ਼ ਆਜ਼ਾਦ ਹੋਣ ਸਮੇਂ ਪੰਜਾਬ ਨੂੰ ਧਰਮ ਦੇ ਆਧਾਰ 'ਤੇ ਦੋ ਭਾਗਾਂ ਵਿੱਚ ਵੰਡ ਦਿੱਤਾ ਗਿਆ। ਮੁਸਲਿਮ ਬਹੁਗਿਣਤੀ ਵਾਲਾ ਖੇਤਰ ਪੱਛਮੀ ਪੰਜਾਬ ਦੇ ਰੂਪ ਵਿੱਚ ਪਾਕਿਸਤਾਨ ਦਾ ਹਿੱਸਾ ਬਣ ਗਿਆ ਜਦੋਂਕਿ ਹਿੰਦੂ-ਸਿੱਖ ਬਹੁਮੱਤ ਵਾਲਾ ਇਲਾਕਾ ਪੂਰਬੀ ਪੰਜਾਬ ਦੇ ਨਾਮ ਨਾਲ ਭਾਰਤ ਵਿੱਚ ਰਿਹਾ। ਇਸ ਨਾਲ ਆਬਾਦੀ ਦੀ ਅਦਲਾਬਦਲੀ ਸਮੇਂ ਬਹੁਤ ਕਤਲੋਗਾਰਤ ਹੋਈ ਅਤੇ ਪੰਜਾਬੀਅਤ ਦੀ ਭਾਵਨਾ ਨੂੰ ਗਹਿਰੀ ਠੇਸ ਲੱਗੀ। ਪੂਰਬੀ ਪੰਜਾਬ ਵਿੱਚ ਹੁਣ ਵਾਲੇ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹੇ- ਫਿਰੋਜਪੁਰ, ਹੁਸਿਆਰਪੁਰ, ਅੰਮ੍ਰਿਤਸਰ, ਹਿਸਾਰ, ਜਲੰਧਰ, ਕਰਨਾਲ, ਕਾਂਗੜਾਂ, ਰੋਹਤਕ, ਅੰਬਾਲਾ, ਦਿੱਲੀ, ਗੁੜਗਾਉ, ਗੁਰਦਾਸਪੁਰ, ਲੁਧਿਆਣਾ, ਸ਼ਿਮਲਾ ਅਤੇ ਰਿਆਸਤਾਂ-ਪਟਿਆਲਾ, ਸ਼ਿਮਲਾ ਹਿੱਲ ਸਟੇਟਸ, ਜੀਂਦ, ਕਪੂਰਥਲਾ, ਨਾਭਾ, ਮੰਡੀ, ਨਾਹਨ, ਬਿਲਾਸਪੁਰ, ਚੰਬਾ, ਫਰੀਦਕੋਟ, ਮਲੇਰਕੋਟਲਾ, ਕਲਸੀਆ, ਸਕੇਤ, ਦੁਜਾਨਾ, ਪਟੌਦੀ ਅਤੇ ਲੁਹਾਰੂ ਸ਼ਾਮਿਲ ਸਨ। ਸੰਨ 1966 ਵਿੱਚ ਬੋਲੀ ਦੇ ਆਧਾਰ 'ਤੇ ਪੰਜਾਬ ਦਾ ਪੁਨਰਗਠਨ ਕਰ ਕੇ ਇਸ ਵਿੱਚੋਂ ਹਰਿਆਣਵੀ ਅਤੇ ਪਹਾੜੀ ਇਲਾਕੇ ਕੱਢ ਦਿੱਤੇ ਗਏ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਸ ਦੇ ਮਿਹਨਤੀ ਕਿਸਾਨਾਂ ਨੇ ਉੱਨੀਂ ਸੌ ਸੱਠਵਿਆਂ ਵਿੱਚ ਖੇਤੀ ਖੇਤਰ ਵਿੱਚ ਹਰੀ ਕ੍ਰਾਂਤੀ ਲਿਆ ਕੇ ਭਾਰਤ ਦੇਸ਼ ਵਿੱਚ ਅਨਾਜ ਦੇ ਗੰਭੀਰ ਸੰਕਟ ਨੂੰ ਦੂਰ ਕਰ ਦਿੱਤਾ। ਪੰਜਾਬੀ ਸਵੈਮਾਨੀ ਤੇ ਨਾਬਰ ਸੁਭਾ ਦੇ ਮਾਲਿਕ ਹਨ। ਇਸ ਲਈ ਜਦੋਂ ਇਨ੍ਹਾਂ ਦੇ ਹੱਕਾਂ 'ਤੇ ਵਾਰ ਹੁੰਦਾ ਹੈ ਤਾਂ ਇਹ ਹਥਿਆਰ ਚੁਕਣ ਤੋਂ ਵੀ ਗੁਰੇਜ਼ ਨਹੀਂ ਕਰਦੇ। 1980-1990 ਤੱਕ ਇੱਥੇ ਖਾੜਕੂਵਾਦ ਨੇ ਪੈਰ ਪਸਾਰੇ ਜਿਸ ਸਮੇਂ ਸਰਕਾਰੀ ਤਸ਼ੱਦਦ ਨਾਲ ਪੰਜਾਬੀ ਨੌਜਵਾਨਾਂ ਦਾ ਘਾਣ ਹੋਇਆ, 1984 ਵਿੱਚ ਸਿੱਖਾਂ ਦੇ ਧਾਰਮਿਕ ਸਥਾਨਾਂ 'ਤੇ ਹੋਏ ਫੌਜੀ ਹਮਲਿਆਂ ਅਤੇ ਦੇਸ਼ ਦੇ ਕਈ ਭਾਗਾਂ ਵਿੱਚ ਸਿੱਖਾਂ ਦੇ ਕਤਲੇਆਮ ਨੇ ਪੰਜਾਬੀਆਂ ਦੇ ਪਿੰਡੇ 'ਤੇ ਡੂੰਘੇ ਜ਼ਖਮ ਕਰ ਦਿੱਤੇ। ਇਸ ਤੋਂ ਬਾਅਦ ਨਸ਼ਾਖੋਰੀ ਅਤੇ ਬੇਰੁਜ਼ਗਾਰੀ ਜਿਹੀਆਂ ਅਲਾਮਤਾਂ ਨੇ ਪੰਜਾਬੀਆਂ ਨੂੰ ਆ ਘੇਰਿਆ। ਪਰ ਪੰਜਾਬੀਆਂ ਨੇ ਹੌਸਲਾ ਨਹੀਂ ਹਾਰਿਆ। ਭਾਰਤ ਵਿੱਚ ਆਪਣੀਆਂ ਸਮੱਸਿਆਵਾਂ ਦਾ ਹਲ ਨਾ ਮਿਲਣ 'ਤੇ ਉਨ੍ਹਾਂ ਨੇ ਵਿਦੇਸ਼ਾਂ ਵੱਲ ਚਾਲੇ ਪਾ ਲਏ ਹਨ। ਇਸ ਰੁਝਾਨ ਦੇ ਭਾਵੇਂ ਕਈ ਸਮਾਜਿਕ ਨੁਕਸਾਨ ਵੀ ਹਨ ਪਰ ਪੰਜਾਬੀਆਂ ਨੇ ਸਾਰੇ ਵਿਸ਼ਵ ਵਿੱਚ ਆਪਣੀ ਮਿਹਨਤ ਤੇ ਲਿਆਕਤ ਦੇ ਝੰਡੇ ਗੱਡੇ ਹਨ। ਇਸ ਸਮੇਂ ਸ. ਅਜੈਪਾਲ ਸਿੰਘ ਬਾਂਗਾ ਦੁਨੀਆਂ ਦੇ ਅਰਥਚਾਰੇ ਨੂੰ ਕੰਟਰੋਲ ਕਰਨ ਵਾਲੇ ਵਿਸ਼ਵ ਬੈਂਕ ਦੇ ਪ੍ਰਧਾਨ ਹਨ ਅਤੇ ਸ. ਹਰਜੀਤ ਸਿੰਘ ਸੱਜਣ ਕੈਨੇਡਾ ਦੇ ਰੱਖਿਆ ਮੰਤਰੀ ਹਨ।

ਸੰਨ 2020-21 ਦੌਰਾਨ ਪੰਜਾਬੀ ਕਿਸਾਨਾਂ ਨੇ ਆਪਣੀਆਂ ਹੱਕੀ ਮੰਗਾਂ ਲਈ ਕੇਂਦਰ ਸਰਕਾਰ ਵਿਰੁੱਧ ਸ਼ਾਂਤਮਈ ਸੰਘਰਸ਼ ਕਰਕੇ ਦੁਨੀਆਂ ਨੂੰ ਆਪਣੀ ਏਕਤਾ ਅਤੇ ਸੂਝ ਦਾ ਸਬੂਤ ਦਿੱਤਾ ਜਿਸ ਨਾਲ ਪੰਜਾਬੀਆਂ ਦੀ ਸਾਰੀ ਦੁਨੀਆਂ ਵਿੱਚ ਪ੍ਰਸ਼ੰਸਾ ਹੋਈ। ਹੁਣ ਭਾਵੇਂ ਪੰਜਾਬ ਬਹੁਤ ਛੋਟਾ ਰਹਿ ਗਿਆ ਹੈ ਪਰ ਪੰਜਾਬੀ ਦੁਨੀਆਂ ਦੇ ਹਰ ਕੋਨੇ ਵਿੱਚ ਦੇਖਿਆ ਜਾ ਸਕਦਾ ਹੈ। ਇਸ ਸਮੇਂ ਇਸ ਦਾ ਖੇਤਰਫ਼ਲ 50362 ਵਰਗਕਿਲੋਮੀਟਰ ਹੈ ਜੋ 1947 ਤੋਂ ਪਹਿਲਾਂ ਵਾਲੇ ਪੰਜਾਬ ਦੇ 7ਵੇਂ ਹਿੱਸੇ ਤੋਂ ਵੀ ਘੱਟ ਹੈ। ਇਹ ਭਾਰਤ ਦਾ 1.53% ਹਿੱਸਾ ਬਣਦਾ ਹੈ। ਇਸ ਦੀ ਆਬਾਦੀ 31623274 ਹੈ। ਇਸ ਸਮੇਂ ਪੰਜਾਬ 8.02 ਟ੍ਰਿਲਿਅਨ ਰੁਪਏ ਦੀ ਜੀ ਡੀ ਪੀ ਨਾਲ ਭਾਰਤ ਵਿੱਚ 15ਵੇਂ ਸਥਾਨ 'ਤੇ ਹੈ ਅਤੇ ਪਰ ਕੈਪਿਟਾ ਜੀਡੀਪੀ 264000 ਰੁਪਏ ਹੈ ਜੋ ਭਾਰਤ ਵਿੱਚ 17ਵੇਂ ਸਥਾਨ 'ਤੇ ਹੈ। ਇਸ ਦੇ ਵਾਸੀਆਂ ਦਾ ਹਿਊਮਨ ਡਵੈਲਪਮੈਂਟ ਇੰਡੈਕਸ 0.724 ਹੈ ਜੋ ਕਿ ਭਾਰਤਵਾਸੀਆਂ ਦੇ 9ਵੇਂ ਸਥਾਨ 'ਤੇ ਹੈ। ਇਸ ਦੇ 23 ਜ਼ਿਲ੍ਹੇ, 93 ਤਹਿਸੀਲਾਂ, 150 ਬਲਾਕ, 12278 ਪਿੰਡ, 136 ਮਿਊਂਸਪਲ ਕਮੇਟੀਆਂ, 22 ਨਗਰ ਸੁਧਾਰ ਟਰੱਸਟ, 14 ਸ਼ਹਿਰ ਅਤੇ 143 ਕਸਬੇ, 117 ਅਸੈਂਬਲੀ ਹਲਕੇ, 13 ਲੋਕ ਸਭਾ ਹਲਕੇ ਅਤੇ 7 ਰਾਜ ਸਭਾ ਹਲਕੇ ਹਨ। ਇਸ ਦਾ ਰਾਜ ਪੰਛੀ ਬਾਜ, ਰਾਜ ਫੁੱਲ ਗਲੈਡੀਓਸ, ਰਾਜ ਫਲ ਕਿਨੂੰ, ਰਾਜ ਜਾਨਵਰ ਹਿਰਨ ਅਤੇ ਰਾਜ ਦਰਖਤ ਟਾਹਲੀ (ਸ਼ੀਸ਼ਮ) ਹੈ।

ਧਨੀ ਰਾਮ ਚਾਤ੍ਰਿਕ ਨੇ ਪੰਜਾਬ ਦਾ ਨਕਸ਼ਾ ਇਉਂ ਉਕਰਿਆ ਹੈ-

ਐ ਪੰਜਾਬ ਕਰਾਂ ਕੀ ਸਿਫਤ ਤੇਰੀ,
ਦਰਿਆ ਪਰਬਤ ਮੈਦਾਨ ਤਿਰੇ।
ਭਾਰਤ ਦੇ ਸਿਰ ਤੇ ਛਤਰ ਤਿਰਾ,
ਤੇਰੇ ਸਿਰ ਤੇ ਛਤਰ ਹਿਮਾਲਾ ਦਾ,
ਮੋਢੇ ਤੇ ਚਾਦਰ ਬਰਫਾਂ ਦੀ,
ਸੀਨੇ ਵਿਚ ਸੇਕ ਜੁਆਲਾ ਦਾ।
ਖੱਬੇ ਹੱਥ ਬਰਛੀ ਜਮਨਾ ਦੀ,
ਸੱਜੇ ਹੱਥ ਖੜਗ ਅਟਕ ਦਾ ਹੈ।

✻ ✻ ✻ ✻ ✻



# ਮਾਂ

ਗੁਰਬਿੰਦਰ ਸਿੰਘ ਮਾਣਕ
9815356086

ਕਿਸੇ ਵੀ ਭਾਸ਼ਾ ਵਿੱਚ ਜੇਕਰ ਕੋਈ ਸਭ ਤੋਂ ਮਿੱਠਾ ਤੇ ਖੂਬਸੂਰਤ ਸ਼ਬਦ ਹੈ ਤਾਂ ਉਹ 'ਮਾਂ" ਹੈ। ਮਾਂ ਸ਼ਬਦ ਬੋਲਦਿਆਂ ਮੂੰਹ ਸ਼ਹਿਦ ਵਰਗੀ ਮਿਠਾਸ ਨਾਲ ਤਾਂ ਭਰਦਾ ਹੀ ਹੈ, ਸਗੋਂ ਅਪਣੱਤ ਦਾ ਵੀ ਅਜਿਹਾ ਅਹਿਸਾਸ ਪੈਦਾ ਹੁੰਦਾ ਹੈ ਕਿ ਬੰਦਾ ਤਨੋ-ਮਨੋ ਸ਼ਰਸਾਰ ਹੋ ਜਾਂਦਾ ਹੈ। ਬੀਤੇ ਸਮਿਆਂ ਵਿੱਚ ਔਰਤ ਦੀ ਭਾਵੇਂ ਜੋ ਮਰਜ਼ੀ ਸਥਿਤੀ ਰਹੀ ਹੋਵੇ, ਪਰ ਔਰਤ ਦੇ ਮਾਂ ਰੂਪ ਨੂੰ ਸਭ ਤੋਂ ਵੱਧ ਆਦਰ-ਸਤਿਕਾਰ ਤੇ ਸਨੇਹ ਦਿੱਤਾ ਜਾਂਦਾ ਰਿਹਾ ਹੈ। ਮਨੁੱਖੀ ਜੀਵਨ ਵਿੱਚ ਰਿਸ਼ਤਿਆਂ ਦਾ ਬੇਹੱਦ ਮਹੱਤਵ ਹੈ, ਪਰ ਮਾਂ ਦੇ ਰਿਸ਼ਤੇ ਦਾ ਰੰਗ ਬਹੁਤ ਹੀ ਗੂੜ੍ਹਾ ਤੇ ਨਿਵੇਕਲਾ ਹੈ। ਦੁਨੀਆਂ ਦੇ ਹੋਰ ਰਿਸ਼ਤੇ ਤਾਂ ਕਿਸੇ ਲਾਲਚ ਜਾਂ ਸਵਾਰਥ ਦੀ ਬਲੀ ਚੜ੍ਹ ਕੇ ਤਿੜਕ ਜਾਂ ਥਿੜਕ ਸਕਦੇ ਹਨ, ਪਰ ਮਾਂ ਦਾ ਰਿਸ਼ਤਾ ਏਨਾ ਪੱਕਾ-ਪੀਢ੍ਹਾ ਹੈ ਕਿ ਸਹਿਜੇ ਕੀਤਿਆਂ ਮੋਹ ਤੇ ਮੁਹੱਬਤ ਦੇ ਧਾਗਿਆਂ ਨਾਲ ਬੁਣੀਆਂ ਇਨ੍ਹਾਂ ਤੰਦਾਂ ਦੀ ਜਕੜ ਟੁੱਟਦੀ ਜਾਂ ਢਿੱਲੀ ਨਹੀਂ ਪੈਂਦੀ।

ਅਸਲ ਵਿੱਚ ਮਾਂ ਦਾ ਰੁਤਬਾ ਬਹੁਤ ਉੱਚਾ ਹੈ। ਅਕਸਰ ਹੀ ਮਾਂ ਦੀ ਹਸਤੀ ਨੂੰ ਵਡਿਆਉਂਦਿਆਂ ਮਾਂ ਨੂੰ ਰੱਬ ਦੇ ਬਰਾਬਰ ਰੁਤਬਾ ਦਿੱਤਾ ਜਾਂਦਾ ਹੈ। ਰੱਬ ਤਾਂ ਕਿਸੇ ਨੇ ਦੇਖਿਆ ਨਹੀਂ, ਪਰ ਹਰ ਘਰ ਵਿੱਚ ਮਾਂ ਦਾ ਹੋਣਾ ਰੱਬ ਦਾ ਹੀ ਸ਼ਾਖਸਾਤ ਪ੍ਰਗਟਾਵਾ ਕਿਹਾ ਜਾ ਸਕਦਾ ਹੈ। ਵੇਦਾਂ ਵਿੱਚ ਮਾਂ ਨੂੰ ਪੂਜਨੀਕ ਹਸਤੀ ਮੰਨਿਆਂ ਗਿਆ ਹੈ। ਬੁੱਧ ਧਰਮ ਅਨੁਸਾਰ ਮਾਂ ਆਪਣੇ ਬੱਚੇ ਨੂੰ ਸਭ ਤੋਂ ਵੱਧ ਪਿਆਰ ਕਰਦੀ ਹੈ। ਇਸ ਲਈ ਉਨ੍ਹਾਂ ਆਪਣੇ ਪੈਰੋਕਾਰਾਂ ਨੂੰ ਸਮੁੱਚੀ ਲੁਕਾਈ ਨੂੰ ਮਾਂ ਵਾਂਗ ਪਿਆਰ ਕਰਨ ਦਾ ਉਪਦੇਸ਼ ਦਿੱਤਾ ਹੈ। ਇਸਲਾਮ ਧਰਮ ਵਿੱਚ ਮਾਂ ਦੇ ਮਹਾਨ ਰੁਤਬੇ ਨੂੰ ਸਤਿਕਾਰ ਦਿੰਦਿਆਂ ਕਿਹਾ ਗਿਆ ਹੈ ਕਿ ਮਾਂ ਦੇ ਪੈਰਾਂ ਹੇਠ ਜੰਨਤ ਹੈ। ਗੁਰੂ ਨਾਨਕ ਦੇਵ ਜੀ ਨੇ ਤਾਂ ਮਾਂ ਨੂੰ ਜਨਨੀ ਕਹਿ ਕੇ ਨਿਵਾਜਿਆ ਹੈ, "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ"। ਮਾਂ ਨੂੰ ਆਪਣੇ ਬੱਚੇ ਦੀ ਪਹਿਲੀ ਅਧਿਆਪਕਾ ਹੋਣ ਦਾ ਮਾਣ ਵੀ ਹਾਸਲ ਹੈ। ਬੱਚੇ ਨੂੰ ਚੁੰਮਦੀ, ਪਿਆਰਦੀ ਤੇ ਦੁਲਾਰਦੀ ਮਾਂ ਅਪਣੇ ਮਨ ਵਿੱਚ ਆਪਣੇ ਜਿਗਰ ਦੇ ਟੋਟੇ ਲ਼ਈ ਅਸੀਸਾਂ ਦੀ ਝੜੀ ਲਾ ਦਿੰਦੀ ਹੈ। ਕੰਮਾਂ ਵਿੱਚ ਰੁੱਝੀ ਮਾਂ ਦਾ ਧਿਆਨ ਵੀ ਆਪਣੇ ਬੱਚੇ ਵੱਲ ਹੀ ਹੁੰਦਾ ਹੈ।

ਮਨੁੱਖ ਭਾਵੇਂ ਜਿੰਨਾ ਮਰਜ਼ੀ ਦੁਨੀਆਂ ਗਾਹੁੰਦਾ ਫਿਰੇ, ਪਰ ਮਾਂ ਅਤੇ ਘਰ ਉਸ ਦੇ ਅਵਚੇਤਨ ਵਿੱਚ ਹਮੇਸ਼ਾਂ ਵਸੇ ਰਹਿੰਦੇ ਹਨ। ਜੀਵਨ ਵਿੱਚ ਕਿਸੇ ਨੂੰ ਕਦੋਂ ਵੀ ਕੋਈ ਖੁਸ਼ੀ ਜਾਂ ਕੋਈ ਪ੍ਰਾਪਤੀ ਹੁੰਦੀ ਹੈ, ਤਾਂ ਉਹ ਇਹ ਖੁਸ਼ਖਬਰੀ ਸਭ ਤੋਂ ਪਹਿਲਾਂ ਆਪਣੀ ਮਾਂ ਨਾਲ ਸਾਂਝੀ ਕਰਨ ਲਈ ਬਿਹਬਲ ਹੋ ਉੱਠਦਾ ਹੈ। ਕਿਸੇ ਉਦਾਸੀ ਜਾਂ ਦਰਦ ਸਮੇਂ ਵੀ ਸਭ ਤੋਂ ਪਹਿਲਾਂ ਮਾਂ ਦੀ ਹੀ ਯਾਦ ਆਉਂਦੀ ਹੈ। ਮਾਂ ਦੇ ਦਿਲ ਵਿੱਚ ਕੁਦਰਤ ਨੇ ਅਜਿਹੀ ਵਿਲੱਖਣ ਸ਼ਕਤੀ ਪੈਦਾ ਕੀਤੀ ਹੈ ਕਿ ਉਹ ਦੂਜਿਆਂ ਦੇ ਦਰਦ ਨੂੰ ਆਪਣਾ ਬਣਾ ਲੈਂਦੀ ਹੈ। ਬੱਚੇ ਦੀ ਪਾਲਣਾ ਵਿੱਚ ਆਉਂਦੀ ਹਰ ਤਕਲੀਫ ਨੂੰ ਖਿੜੇ ਮੱਥੇ ਸਹਿਣ ਕਰਨ ਤੇ ਆਪਣੇ ਸੁਖ ਆਰਾਮ ਨੂੰ ਭੁਲਾ ਕੇ ਆਪਾ ਨਿਛਾਵਰ ਕਰਨ ਦੀ ਭਾਵਨਾ ਕੇਵਲ ਮਾਂ ਦੇ ਹੀ ਹਿੱਸੇ ਆਈ ਹੈ। ਮਾਂ ਵਲੋਂ ਦਿੱਤੀ ਕੁਰਬਾਨੀ ਦਾ ਕੋਈ ਕਰਜ਼ ਨਹੀਂ ਅਦਾ ਕੀਤਾ ਜਾ ਸਕਦਾ। ਆਪਣੇ ਸੁਖ ਆਰਾਮ ਨੂੰ ਤਿਆਗ ਕੇ ਬੱਚੇ ਦੀ ਪਰਵਰਿਸ਼ ਵਿੱਚ ਰੁੱਝੀ ਮਾਂ ਦਾ ਹਿਰਦਾ ਏਨਾ ਵੱਡਾ ਹੈ ਕਿ ਉਹ ਆਪਣੇ ਬੱਚੇ ਦੇ ਜੀਵਨ ਨੂੰ ਹੀ ਆਪਣਾ ਧੰਨਭਾਗ ਸਮਝਦੀ ਹੈ। ਮਾਂ ਤਾਂ ਜਿਵੇਂ ਬੱਚੇ ਦੇ ਸਾਹੀਂ ਜਿਉਂਦੀ ਹੈ। ਮਮਤਾ ਦਾ ਇਹ ਭਰ ਵਗਦਾ ਦਰਿਆ ਬੱਚੇ ਨੂੰ ਹਮੇਸ਼ਾਂ ਨਿਰਛਲ ਤੇ ਨਿਰਸਵਾਰਥ ਮੋਹ ਦੀ ਗਲਵਕੜੀ ਵਿੱਚ ਆਪਣਾ ਨਿੱਘ ਵੰਡਦੀ ਰਹਿੰਦੀ ਹੈ। ਪੰਜਾਬੀ ਦੇ ਸਿਰਮੌਰ ਵਾਰਤਾਕਾਰ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਕਿੰਨਾ ਸੱਚ ਕਿਹਾ ਹੈ ਕਿ ' ਜੇ ਕੋਈ ਜ਼ਿੰਦਗੀ ਕਿਸੇ ਦੂਜੀ ਜ਼ਿੰਦਗੀ ਵਿੱਚ ਜੀਵੀ ਜਾ ਸਕਦੀ ਹੈ ਤਾਂ ਉਸ ਦੀ ਸਪਸ਼ਟ ਉਦਾਹਰਣ ਮਾਂ ਹੈ'।

ਅਸਲ ਵਿੱਚ ਬੱਚਾ ਮਾਂ ਦੇ ਜਿਸਮ ਦਾ ਹਿੱਸਾ ਹੁੰਦਾ ਹੈ। ਜਨਮ ਤੋਂ ਪਹਿਲਾਂ ਉਹ ਆਪਣੀ ਜਿੰਦ ਨੂੰ ਆਪਣਾ ਖੂਨ ਦੇ ਕੇ ਪਾਲਦੀ ਹੈ। ਬੱਚੇ ਨੂੰ ਜਨਮ ਦੇਣ ਤੋਂ ਬਾਅਦ ਤਾਂ ਮਾਂ ਦਾ ਹਰ ਕਾਰਜ ਜਿਵੇਂ ਬੱਚੇ ਨੂੰ ਹੀ ਸਮਰਪਿਤ ਹੋ ਜਾਂਦਾ ਹੈ। ਮਾਂ ਦੇ ਹੱਥਾਂ ਦੀ ਛੋਹ, ਮਾਂ ਦੀ ਗੋਦ ਦਾ ਨਿੱਘ ਬੱਚੇ ਨੂੰ ਅਗੰਮੀ ਸਕੂਨ ਬਖਸ਼ਦਾ ਹੈ। ਬੱਚੇ ਦਾ ਖਿੜਿਆ ਚਿਹਰਾ ਦੇਖ ਕੇ, ਮਾਂ ਨੂੰ ਜਿਹੜੀ ਅੰਤਰੀਵ ਖੁਸ਼ੀ ਪ੍ਰਾਪਤ ਹੁੰਦੀ ਹੈ, ਉਸ ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ। ਬਚਪਨ ਦਾ ਰਾਂਗਲਾ ਸਮਾਂ ਲੰਘ ਜਾਣ ਬਾਅਦ ਵੀ ਬੱਚੇ, ਮਾਵਾਂ ਲਈ ਤਾ-ਉਮਰ ਬੱਚੇ ਹੀ ਬਣੇ ਰਹਿੰਦੇ ਹਨ। ਜ਼ਿੰਦਗੀ ਦੇ ਹਰ ਮੋੜ 'ਤੇ ਮਾਵਾਂ ਦੀ ਮਮਤਾ, ਸਿੱਖਿਆ, ਉਤਸ਼ਾਹ ਤੇ ਨਸੀਹਤਾਂ ਵੱਡੇ ਹੋ ਗਏ ਬੱਚੇ ਦੇ ਨਾਲ ਨਾਲ ਹੀ ਤੁਰਦੀਆਂ ਰਹਿੰਦੀਆਂ ਹਨ। ਕਦਮ ਕਦਮ 'ਤੇ ਮਾਂ ਆਪਣੇ ਬੱਚੇ ਦੇ ਅੰਗ ਸੰਗ ਵਿਚਰਦੀ, ਉਸ ਦੀ ਸਲਾਮਤੀ ਦੀਆਂ ਦੁਆਵਾਂ ਕਰਦੀ ਨਹੀਂ ਥੱਕਦੀ। ਮਾਂ, ਸੱਚਮੁੱਚ ਹੀ ਉਸ ਘਣਛਾਵੇਂ ਰੁੱਖ ਵਾਂਗ ਹੁੰਦੀ ਹੈ, ਜਿਸ ਦੀ ਠੰਢੀ ਮਿੱਠੀ ਤੇ ਸੰਘਣੀ ਛਾਂ ਵਿੱਚ ਬੱਚਾ ਅਡੋਲ ਵਿਚਰਦਾ ਹੈ। ਮਾਂ ਸੰਗ ਵਿਚਰਦਿਆਂ ਬੱਚਿਆਂ ਦੇ ਮਨ ਵਿੱਚ ਸੁਰੱਖਿਆ ਤੇ ਭਾਵਨਾਤਮਿਕ ਸਾਂਝ ਦੀ ਭਾਵਨਾ ਪੈਦਾ ਹੁੰਦੀ ਹੈ। ਇਸੇ ਕਾਰਨ ਅਕਸਰ ਕਿਹਾ ਜਾਂਦਾ ਹੈ ਕਿ ਜਿਹੜੇ ਬੱਚੇ ਮਾਂ ਦੇ ਪਿਆਰ ਦੁਲਾਰ ਤੋਂ ਵਾਂਝੇ ਰਹਿ ਜਾਂਦੇ ਹਨ, ਉਨ੍ਹਾਂ ਵਿੱਚ ਅੱਗੇ ਜਾ ਕੇ ਕਈ ਤਰ੍ਹਾਂ ਦੇ ਮਾਨਸਿਕ ਵਿਗਾੜ ਪੈਦਾ ਹੋ ਜਾਂਦੇ ਹਨ। ਜਦੋਂ ਮਾਂ ਪਹਿਲੀ ਵਾਰ ਬੱਚੇ ਨੂੰ ਉਂਗਲੀ ਲਾ ਕੇ ਸਕੂਲ ਤੱਕ

ਛੱਡਣ ਜਾਂਦੀ ਹੈ, ਤਾਂ ਉਸ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਹੁੰਦਾ। ਹਰ ਮਾਂ ਆਪਣੇ ਬੱਚੇ ਨੂੰ ਜ਼ਿੰਦਗੀ ਵਿੱਚ ਉੱਚੇ ਰੁਤਬੇ ਤੱਕ ਪਹੁੰਚਾਣ ਦੀ ਮਨ ਵਿੱਚ ਤਾਂਘ ਰਖਦੀ ਹੈ। ਜਿਵੇਂ ਕੋਈ ਮਾਲੀ ਹੱਥੀਂ ਲਾਏ ਬੂਟਿਆਂ ਨੂੰ ਵੱਡੇ ਹੁੰਦੇ ਤੱਕਦਿਆਂ, ਖੁਸ਼ੀ ਨਾਲ ਫੁੱਲਿਆਂ ਨਹੀਂ ਸਮਾਉਂਦਾ, ਬਿਲਕੁਲ ਉਸੇ ਤਰ੍ਹਾਂ ਹੀ ਮਾਂ ਆਪਣੇ ਬੱਚੇ ਨੂੰ ਪਰਵਾਨ ਚੜ੍ਹਦਿਆਂ ਤੱਕ ਕੇ ਅਗੰਮੀ ਖੁਸ਼ੀ ਵਿੱਚ ਖੀਵੀ ਹੋਈ ਕੁਦਰਤ ਦੀ ਸ਼ੁਕਰਗੁਜ਼ਾਰ ਹੁੰਦੀ ਹੈ। ਬਾਪ ਸਮੇਤ ਘਰ ਦਾ ਹੋਰ ਕੋਈ ਵੀ ਜੀਅ ਕਦੇ ਬੱਚੇ ਨੂੰ ਝਿੜਕੇ ਤਾਂ ਕਿਸੇ ਵੀ ਮਾਂ ਕੋਲੋਂ ਸਹਿਣ ਨਹੀਂ ਹੁੰਦਾ।

ਸਗਲ ਸੰਸਾਰ ਨੂੰ ਪਾਲਦੀ ਧਰਤੀ ਨੂੰ ਵੀ ਸ਼ਾਇਦ ਇਸੇ ਕਾਰਨ ਹੀ 'ਧਰਤੀ ਮਾਤਾ' ਕਹਿ ਕੇ ਨਿਵਾਜਿਆ ਜਾਂਦਾ ਹੈ। ਆਪਣੀ ਧਰਤੀ ਤੋਂ ਦੂਰ ਗਿਆ ਵਿਅਕਤੀ ਜਦੋਂ ਵੀ ਕਦੇ ਵਾਪਸ ਪਰਤਦਾ ਹੈ ਤਾਂ, ਅਨੇਕਾਂ ਵਿਰੋਧ ਹੋਣ ਦੇ ਬਾਵਜੂਦ ਆਪਣੀ ਧਰਤੀ ਨੂੰ ਨਮਸਕਾਰ ਕਰਦਾ ਹੈ ਤੇ ਇਸ ਮਿੱਟੀ ਨੂੰ ਆਪਣੇ ਮੱਥੇ ਲਾਉਂਦਾ ਹੈ। ਅਸੀਂ ਆਪਣੇ ਭਾਰਤ ਮਹਾਨ ਨੂੰ 'ਭਾਰਤ ਮਾਤਾ' ਦਾ ਰੁਤਬਾ ਦਿੱਤਾ ਹੋਇਆ ਹੈ। ਇਹ ਵੱਖਰੀ ਗੱਲ ਹੈ ਕਿ ਭਾਰਤ ਮਾਤਾ ਦੇ ਨਾਂ 'ਤੇ ਹਕੂਮਤਾਂ ਕਰਨ ਵਾਲੇ 'ਕੁਰਸੀ ਪੁੱਤਰ' ਭਾਰਤ ਮਾਤਾ ਦੀ ਅਜੋਕੀ ਨਿੱਘਰੀ ਹਾਲਤ ਤੋਂ ਬੇਖਬਰ, ਐਸ਼ੋ-ਇਸ਼ਰਤ ਦੇ ਆਲਮ ਵਿੱਚ ਵਿਚਰਦਿਆਂ ਅੱਖਾਂ ਬੰਦ ਕਰੀ ਬੈਠੇ ਹਨ। ਸਿਰਫ ਵੋਟਾਂ ਸਮੇਂ ਹੀ ਭਾਰਤ ਮਾਂ ਦੀ ਯਾਦ ਆਉਂਦੀ ਹੈ।

ਕੋਈ ਬੱਚਾ ਆਪਣੀ ਮਾਂ ਤੋਂ ਜਿਹੜੀ ਬੋਲੀ ਸਿਖਦਾ ਹੈ, ਉਸ ਨੂੰ ਮਾਂ-ਬੋਲੀ ਕਹਿ ਕੇ ਸਤਿਕਾਰਿਆ ਜਾਂਦਾ ਹੈ। ਲੋਰੀਆਂ, ਸੁਹਾਗ, ਘੋੜੀਆਂ, ਸਿੱਠਣੀਆਂ, ਬੋਲੀਆਂ ਤੇ ਸ਼ਹਿਦ ਵਰਗੇ ਮਿੱਠੇ ਅਨੇਕਾਂ ਲੋਕ-ਗੀਤਾਂ ਦੇ ਅੰਗਸੰਗ, ਜੀਵਨ ਵਿੱਚ ਪਰਵਾਨ ਚੜ੍ਹੇ ਮਨੁੱਖ ਲਈ ਮਾਂ-ਬੋਲੀ ਵੀ 'ਮਾਂ' ਹੋ ਨਿਬੜਦੀ ਹੈ। ਜਿਹੜੇ ਆਪਣੀ ਮਾਂ ਬੋਲੀ ਤੋਂ ਹੀ ਮੁਨਕਰ ਹੋ ਜਾਣ, ਉਨ੍ਹਾਂ ਦਾ ਆਪਣੀ ਮਾਂ ਨਾਲ ਕਿੰਨਾਂ ਕੁ ਸਨੇਹ ਹੋ ਸਕਦਾ ਹੈ, ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ। ਆਪਣੀ ਮਾਂ ਬੋਲੀ ਤੋਂ ਮੁੱਖ ਮੋੜਨ ਵਾਲੇ ਅਜਿਹੇ ਕਪੂਤਾਂ ਨੂੰ ਕਵੀਆਂ, ਲੇਖਕਾਂ ਤੇ ਚਿੰਤਕਾਂ ਨੇ ਬੜੀਆਂ ਲਾਹਨਤਾਂ ਪਾਈਆਂ ਹਨ। ਜੇ ਨਹੀਂ ਯਕੀਨ ਤਾਂ ਫਿਰੋਜ਼ਦੀਨ ਸ਼ਰਫ, ਗਿਆਨੀ ਗੁਰਮੁਖ ਸਿੰਘ ਮੁਸਾਫਰ, ਪ੍ਰੋ. ਪ੍ਰੀਤਮ ਸਿੰਘ, ਪ੍ਰੋ. ਗੁਰਦਿਆਲ ਸਿੰਘ, ਸੁਰਜੀਤ ਪਾਤਰ, ਰਸੂਲ ਹਮਜ਼ਾਤੋਜ਼ ਤੇ ਅਨੇਕਾਂ ਹੋਰ ਲੇਖਕਾਂ ਦੀਆਂ ਰਚਨਾਵਾਂ ਵਿੱਚੋਂ ਗੁਜ਼ਰ ਕੇ ਦੇਖਿਆ ਜਾ ਸਕਦਾ ਹੈ। ਮਾਂ-ਬੋਲੀ ਤੋਂ ਬੇਮੁਖ ਹੋਇਆਂ ਬਾਰੇ ਕੀ ਕਹੀਏ, ਜੋ ਪੰਜ ਆਬ ਦੇ ਮੋਤੀ ਤੋਂ ਬੇਮੁਖ ਹੋ ਕੇ ਸਿੱਪੀਆਂ ਮਗਰ ਗੋਤੇ ਖਾ ਰਹੇ ਹਨ। ਜਿਹੜੇ ਮਨੁੱਖ ਆਪਣੀ ਮਾਂ ਦੀ ਗੋਦ ਦੇ ਨਿੱਘ ਤੇ ਮਮਤਾ ਤੋਂ ਵਾਂਝੇ ਹੋ ਜਾਂਦੇ ਹਨ, ਉਨ੍ਹਾਂ ਦੇ ਮਨ ਵਿੱਚ ਉੱਠਦੀ ਦਰਦ ਦੀ ਚੀਸ ਦਾ ਅਨੁਮਾਨ ਲਾਉਣਾ ਡਾਢਾ ਕਠਨ ਹੈ। ਮਾਂ ਦੀ ਅਣਹੋਂਦ ਨਾਲ ਜ਼ਿੰਦਗੀ ਦੇ ਸਭ ਰੰਗ ਫਿੱਕੇ ਪੈ ਜਾਂਦੇ ਹਨ। ਪੰਜਾਬੀ ਦੀ ਨਾਮਵਰ ਲੇਖਿਕਾ ਅੰਮ੍ਰਿਤਾ ਪ੍ਰੀਤਮ ਮਾਂ ਦੀ ਅਣਹੋਂਦ ਨੂੰ ਮਹਿਸੂਸ ਕਰਦਿਆਂ, ਆਪਣੀ ਸਵੈ-ਜੀਵਨੀ ਵਿੱਚ ਲਿਖਦੀ ਹੈ, 'ਮਾਂ ਜਿਉਂਦੀ ਹੁੰਦੀ ਤਾਂ ਸ਼ਾਇਦ ਮੇਰਾ ਸੋਲ੍ਹਵਾਂ ਵਰ੍ਹਾ ਹੋਰ ਤਰ੍ਹਾਂ ਆਉਂਦਾ-ਵਾਕਫਾਂ ਵਾਂਗ, ਸਹੇਲੀਆਂ ਦੋਸਤਾਂ ਵਾਂਗ, ਅੰਗਾਂ ਸਾਕਾਂ ਵਾਂਗ। ਪਰ ਮਾਂ ਦੀ ਗੈਰਹਾਜ਼ਰੀ ਨਾਲ ਜ਼ਿੰਦਗੀ ਵਿੱਚੋਂ ਬੜਾ ਕੁੱਝ ਗੈਰਹਾਜ਼ਰ ਹੋ ਗਿਆ ਸੀ'। ਜਦੋਂ ਜੀਵਨ ਵਿੱਚੋਂ ਇਹ ਮਮਤਾਮਈ ਨਿਰਮਲ ਚਸ਼ਮਾ ਅਲੋਪ ਹੋ ਜਾਂਦਾ ਹੈ ਤਾਂ ਡੂੰਘੇ ਦਰਦ ਦਾ ਅਹਿਸਾਸ ਹੁੰਦਾ ਹੈ। ਅਜੋਕੇ ਦੌਰ ਵਿੱਚ ਸਮਿਆਂ ਨੂੰ ਅਜਿਹੀ ਮਾਰ ਵਗੀ ਹੈ ਕਿ ਕੁੱਝ ਪੁੱਤਰ-ਧੀਆਂ, ਜ਼ਿੰਦਗੀ ਦੇ ਆਖਰੀ ਪਹਿਰ ਵਿੱਚ ਪਹੁੰਚੇ ਬਜ਼ੁਰਗ ਮਾਂ-ਬਾਪ ਨੂੰ ਸੰਭਾਲਣ ਦੀ ਥਾਂ ਦੁਰਕਾਰ ਰਹੇ ਹਨ। ਅਨੇਕਾਂ ਕਸ਼ਟ ਸਹਿ ਕੇ ਕਈ ਕਈ ਧੀਆਂ-ਪੁੱਤਾਂ ਨੂੰ ਪਾਲ-ਪੋਸ ਕੇ ਪੜ੍ਹਾ-ਲਿਖਾ ਕੇ ਜੀਵਨ ਦੇ ਰਾਹਾਂ 'ਤੇ ਸਫਲਤਾ ਨਾਲ ਤੋਰਨ ਵਾਲੇ ਮਾਂ-ਬਾਪ ਨੂੰ ਬੁਢਾਪੇ ਦੀ ਬੇਬਸੀ ਤੇ ਲਾਚਾਰੀ ਵਿੱਚ ਕੋਈ ਸਾਂਭਣ ਲਈ ਤਿਆਰ ਹੀ ਨਾ ਹੋਵੇ ਤਾਂ, ਅਜਿਹੀ ਔਲਾਦ ਦਾ ਭਲਾ ਕਰਨਾ ਵੀ ਕੀ ਹੈ।

ਮਾਵਾਂ ਉਮਰ ਦੇ ਕਿਸੇ ਵੀ ਪੜਾਅ 'ਤੇ ਹੋਣ, ਉਨ੍ਹਾਂ ਨਾਲ ਘਰ ਭਰਿਆ-ਭਰਿਆ ਲਗਦਾ ਹੈ। ਜਦੋਂ ਉਹ ਤੁਰ ਜਾਣ ਤਾਂ ਘਰ ਖਾਲੀ ਖਾਲੀ ਲੱਗਣ ਲਗ ਜਾਂਦਾ ਹੈ। ਲੋਕ ਧਾਰਮਿਕ ਸਥਾਨਾਂ 'ਤੇ ਜਾ ਕੇ ਸੁੱਖ-ਸਮਰਿਧੀ ਲਈ ਮੱਥੇ ਰਗੜਦੇ ਹਨ, ਦਾਨ-ਪੁੰਨ ਕਰਦੇ ਹਨ, ਸੁੱਖਣਾ ਸੁਖਦੇ ਹਨ। ਪਰ ਘਰ ਦੇ ਕਿਸੇ ਕੋਨੇ ਵਿੱਚ ਬੈਠੀ ਬਿਰਧ ਮਾਂ ਦੀਆਂ ਦਿਲੋਂ ਨਿਕਲਦੀਆਂ ਸ਼ੁੱਭ ਇਛਾਵਾਂ ਤੇ ਅਸੀਸਾਂ ਲੈਣ ਤੋਂ ਅਵੇਸਲੇ ਹੋਏ ਰਹਿੰਦੇ ਹਨ। ਅਜੋਕੇ ਸਮਿਆਂ ਵਿੱਚ ਬਹੁਤ ਕੁੱਝ ਬਦਲ ਗਿਆ ਹੈ। ਨਿੱਤ ਦਿਨ ਖੁਲ੍ਹ ਰਹੇ ਬਿਰਧ-ਘਰ ਸਾਡੀ ਅਜੋਕੀ ਮਾਨਸਿਕਤਾ ਦਾ ਸਪਸ਼ਟ ਪ੍ਰਗਟਾਵਾ ਹਨ। ਸੱਚਮੁੱਚ ਹੀ ਮਾਂ, ਮਮਤਾ ਦੀ ਸ਼ਾਖਸਾਤ ਮੂਰਤ ਹੁੰਦੀ ਹੈ। ਉਨ੍ਹਾਂ ਨੂੰ ਪੁੱਛ ਕੇ ਵੇਖੋ ਜਿਹੜੇ ਇਸ ਸੰਘਣੀ ਛਾਂ ਤੋਂ ਵਿਰਵੇ ਹੋ ਗਏ ਹਨ। ਪ੍ਰੋ. ਮੋਹਨ ਸਿੰਘ ਦੀਆਂ ਇਹ ਕਾਵਿ-ਸਤਰਾਂ ਮਾਂ ਦੇ ਰੁਤਬੇ ਦੀ ਗਹਿਰਾਈ ਨੂੰ ਸਮਝਣ ਲਈ ਲਾਜਵਾਬ ਹਨ:-

ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਵੇ।
ਜਿਸ ਤੋਂ ਲੈ ਕੇ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਨੇ ਮਰਦੇ।
ਫੁੱਲਾਂ ਦੇ ਮੁਰਝਾਇਆਂ ਐਪਰ, ਇਹ ਬੂਟਾ ਸੁੱਕ ਜਾਏ।

❋ ❋ ❋ ❋ ❋



ਸ਼੍ਰੀ ਨਾਇਬ ਸਿੰਘ ਸੈਣੀ ਮੁੱਖ ਮੰਤਰੀ ਹਰਿਆਣਾ ਦਾ ਰੋਪੜ ਪੁੱਜਣ 'ਤੇ ਸਵਾਗਤ ਕਰਦੇ ਹੋਏ ਸੈਣੀ ਭਵਨ ਰੋਪੜ ਦੇ ਪ੍ਰਬੰਧਕ ਸ. ਰਜਿੰਦਰ ਸਿੰਘ ਨੰਨ੍ਹਆ, ਸ. ਅਮਨਦੀਪ ਸਿੰਘ ਸੈਣੀ ਅਤੇ ਸਾਥੀ



# ਇਨਸਾਨੀਅਤ ਦੇ ਮੁਦਈ ਸ਼ਾਇਰ ਦਾ ਵਿਛੋੜਾ

ਦਲਜੀਤ ਸਿੰਘ
ਰੋਪੜ

ਕੰਡਿਆਂ ਵਿੱਚ ਨਹੀਂ ਉਲਝੀਦਾ
ਨਾ ਫੁੱਲਾਂ 'ਤੇ ਹੱਕ ਧਰੀਦਾ
ਬੱਸ ਹਵਾ ਹੀ ਹੋ ਜਾਈਦਾ
ਇਸ ਦੁਨੀਆਂ ਤੋਂ ਗੁਜ਼ਰਨ ਲੱਗਿਆਂ

ਸਾਰੇ ਇਨਸਾਫਪਸੰਦ ਲੋਕਾਂ ਲਈ 11 ਮਈ, 2024 ਦੀ ਸਵੇਰ ਅਤਿ ਦਾ ਦੁਖਦਾਈ ਬਣ ਗਈ ਜਦੋਂ ਖ਼ਬਰ ਆਈ ਕਿ ਪੰਜਾਬੀ ਦੇ ਹਰਮਨਪਿਆਰੇ ਸ਼ਾਇਰ ਪਦਮ ਸ਼੍ਰੀ ਡਾ. ਸੁਰਜੀਤ ਪਾਤਰ ਬਿਨਾਂ ਕੰਡਿਆਂ ਵਿੱਚ ਉਲਝਿਆਂ ਅਤੇ ਫੁੱਲਾਂ 'ਤੇ ਹੱਕ ਧਰਿਆਂ ਇਸ ਫਾਨੀ ਸੰਸਾਰ ਤੋਂ ਹਵਾ ਵਾਂਗ ਵਿਦਾ ਹੋ ਗਏ ਹਨ। ਉਹ ਅਜੇ ਸਾਹਿਤਿਕ, ਸੱਭਿਆਚਾਰਕ ਅਤੇ ਅਕਾਦਮਿਕ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਭਾਗ ਲੈ ਰਹੇ ਸਨ। ਉਨ੍ਹਾਂ ਦੀ ਸਮੁੱਚੀ ਸਖ਼ਸ਼ੀਅਤ ਪੁਰਸਕੂਨ ਅਤੇ ਪੁਰਖ਼ਲੂਸ ਸੀ। ਉਨ੍ਹਾਂ ਨੇ ਜੋ ਲਕੀਰ ਪੰਜਾਬੀ ਸਾਹਿਤ ਦੇ ਸੀਨੇ ਉੱਤੇ ਖਿੱਚੀ ਉਹ ਸਲਾਮਤ ਹੀ ਨਹੀਂ ਰਹੇਗੀ ਸਗੋਂ ਸਮੇਂ ਦੇ ਨਾਲ ਨਾਲ ਹੋਰ ਡੂੰਘੀ ਹੁੰਦੀ ਚਲੇ ਜਾਵੇਗੀ। ਉਨ੍ਹਾਂ ਦੀ ਬਹੁਤ ਸਾਰੀਆਂ ਗ਼ਜ਼ਲਾਂ ਅਤੇ ਸ਼ੇਅਰ ਪੰਜਾਬੀ ਪਾਠਕਾਂ ਨੂੰ ਮੂੰਹ ਜ਼ੁਬਾਨੀ ਯਾਦ ਹਨ।

ਡਾ. ਸੁਰਜੀਤ ਪਾਤਰ ਦਾ ਜਨਮ 14 ਜਨਵਰੀ, 1945 ਨੂੰ ਸ. ਹਰਭਜਨ ਸਿੰਘ ਅਤੇ ਮਾਤਾ ਗੁਰਬਖਸ਼ ਕੌਰ ਦੇ ਘਰ ਜਲੰਧਰ ਜ਼ਿਲ੍ਹੇ ਦੇ ਪਿੰਡ ਪੱਤੜ ਕਲਾਂ ਵਿਖੇ ਹੋਇਆ। ਆਪ ਨੇ ਸਕੂਲੀ ਸਿੱਖਿਆ ਪਿੰਡ ਦੇ ਪ੍ਰਾਇਮਰੀ ਸਕੂਲ ਅਤੇ ਖਾਲਸਾ ਹਾਈ ਸਕੂਲ ਖਹਿਰਾ ਮੱਝਾ ਤੋਂ ਲੈ ਕੇ ਗ੍ਰੈਜੂਏਸ਼ਨ ਗੌਰਮਿੰਟ ਰਣਧੀਰ ਕਾਲਜ ਕਪੂਰਥਲਾ ਤੋਂ, ਪੰਜਾਬੀ ਵਿੱਚ ਐਮ.ਏ. ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਅਤੇ ਪੀ. ਐਚ. ਡੀ ਦੀ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਉਹ 1969 ਵਿੱਚ ਬਾਬਾ ਬੁੱਢਾ ਕਾਲਜ ਬੀੜ ਸਾਹਬ ਅੰਮ੍ਰਿਤਸਰ ਵਿਖੇ ਅਤੇ ਬਾਅਦ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਪੰਜਾਬੀ ਦੇ ਲੈਕਚਰਾਰ ਨਿਯੁਕਤ ਹੋਏ ਜਿੱਥੋਂ ਪ੍ਰੋਫੈਸਰ ਵਜੋਂ ਸੇਵਾਮੁਕਤ ਹੋਏ। ਸੰਨ 2002 ਤੋਂ 2008 ਤੱਕ ਉਹ ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਰਹੇ ਅਤੇ 2013 ਵਿੱਚ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਰਲਡ ਸਿੱਖ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦਾ ਵਿਜ਼ਟਿੰਗ ਪ੍ਰੋਫੈਸਰ ਨਿਯੁਕਤ ਕੀਤਾ ਗਿਆ। ਆਪ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਅਤੇ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਦੇ ਪ੍ਰਧਾਨ ਵੀ ਰਹੇ। ਹਰ ਅਹੁਦੇ 'ਤੇ ਉਨ੍ਹਾਂ ਨੇ ਪੂਰੀ ਮਿਹਨਤ ਤੇ ਦਿਆਨਤਦਾਰੀ ਨਾਲ ਕੰਮ ਕਰਦਿਆਂ ਉਸ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਇਸ ਮਾਣਮੱਤੀ ਕਾਰਗੁਜ਼ਾਰੀ ਸਦਕਾ ਭਾਰਤ ਸਰਕਾਰ ਨੇ 2012 ਵਿੱਚ ਆਪ ਨੂੰ ਪਦਮਸ਼੍ਰੀ ਨਾਲ ਸਨਮਾਨਿਤ ਕੀਤਾ। ਇਸ ਤੋਂ ਇਲਾਵਾ ਆਪ ਸਾਹਿਤ ਅਕਾਦਮੀ ਸਨਮਾਨ, ਸ਼੍ਰੋਮਣੀ ਪੰਜਾਬੀ ਕਵੀ, ਪੰਚਨਾਦ ਪੁਰਸਕਾਰ ਅਤੇ ਸਰਸਵਤੀ ਪੁਰਸਕਾਰਾਂ ਨਾਲ ਵੀ ਨਿਵਾਜੇ ਗਏ।

ਪੰਜਾਬੀ ਕਵਿਤਾ ਅਤੇ ਖਾਸ ਕਰ ਕੇ ਗ਼ਜ਼ਲ ਨੂੰ ਆਪ ਨੇ ਬੁਲੰਦੀਆਂ 'ਤੇ ਪਹੁੰਚਾਇਆ। ਆਪ ਨੇ ਕੁਦਰਤ ਬਾਰੇ ਵੀ ਲਿਖਿਆ, ਸਮਾਜਿਕ ਸਰੋਕਾਰਾਂ 'ਤੇ ਵੀ ਟਿੱਪਣੀਆਂ ਕੀਤੀਆਂ ਅਤੇ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨੂੰ ਸਮੇਂ ਸਮੇਂ ਪਾਠਕਾਂ ਦੇ ਸਨਮੁੱਖ ਰੱਖਿਆ। ਉਨ੍ਹਾਂ ਨੂੰ ਪੰਜਾਬੀ ਸੱਭਿਆਚਾਰ, ਸਮਾਜ ਅਤੇ ਭਾਸ਼ਾ ਦੀ ਡੂੰਘੀ ਸਮਝ ਸੀ। ਉਹ ਆਪਣੇ ਵਿਸ਼ਿਆਂ ਦੀ ਪੇਸ਼ਕਾਰੀ ਲਈ ਲੋੜੀਂਦੀ ਸੁਹਜਾਤਮਿਕਤਾ ਵੀ ਰਖਦੇ ਸਨ। ਉਨ੍ਹਾਂ ਨੇ ਸਮਕਾਲੀ ਸਮਿਆਂ ਦੇ ਸੱਚ ਨੂੰ ਬਹੁਤ ਡੂੰਘਾਈ ਨਾਲ ਸਮਝਣ ਅਤੇ ਬਾਰੀਕੀ ਨਾਲ ਚਿਤਰਣ ਦੀ ਲਗਾਤਾਰ ਕੋਸ਼ਿਸ਼ ਕੀਤੀ। ਪਾਤਰ ਤੁਰਦਾ ਵੀ ਸਹਿਜ ਸੀ, ਲਿਖਦਾ ਵੀ ਸਹਿਜੇ ਸੀ ਅਤੇ ਬੋਲਦਾ ਵੀ ਸਹਿਜ ਸੀ। ਉਸ ਦੀ ਸਾਰੀ ਕਵਿਤਾ ਤੇ ਵਾਰਤਕ ਸਹਿਜ ਨਾਲ ਓਤਪੋਤ ਸੀ। ਉਸ ਦੇ ਬੋਲੇ-ਗਾਏ ਸ਼ਬਦ ਹਵਾ ਵਿੱਚ ਕੰਬਦੇ ਅਤੇ ਨਵੇਂ ਅਰਥ ਬਣਾਉਂਦੇ ਸਨ ਅਤੇ ਸ਼ਬਦ ਸੱਚ ਤੇ ਸੁਹਜ ਦੀ ਸਾਣ 'ਤੇ ਤਰਾਸ਼ੇ ਹੋਏ, ਕਵਿਤਾਵਾਂ ਤੇ ਗ਼ਜ਼ਲਾਂ ਵਿੱਚ ਨਗੀਨਿਆਂ ਵਾਂਗ ਜੜੇ ਹੋਏ ਹਨ। ਪੰਜਾਬੀ ਸਾਹਿਤ ਵਿੱਚ ਵਾਰਸ਼ ਸ਼ਾਹ ਅਤੇ ਸ਼ਿਵ ਕੁਮਾਰ ਬਟਾਲਵੀ ਤੋਂ ਬਾਅਦ ਪਾਸ਼ ਅਤੇ ਸੁਰਜੀਤ ਪਾਤਰ ਦਾ ਸਥਾਨ ਆਉਂਦਾ ਹੈ। ਇਨ੍ਹਾਂ ਸ਼ਾਇਰਾਂ ਦੇ ਨਾਂ ਹੱਟੀ, ਭੱਠੀ ਜਾਂ ਖੇਤ ਦੇ ਬੰਨੇ 'ਤੇ ਖੜ੍ਹੇ ਕਿਸਾਨ ਮਜ਼ਦੂਰ ਜਾਂ ਕਿਸੇ ਆਮ ਬੰਦੇ ਤੋਂ ਪੁੱਛ ਲਓ, ਉਹ ਜਾਣਦਾ ਹੈ। ਨਮੂਨੇ ਵਜੋਂ ਪਾਤਰ ਦੀਆਂ ਗ਼ਜ਼ਲਾਂ ਦੇ ਕੁੱਝ ਸ਼ੇਅਰ ਪੇਸ਼ ਹਨ-

ਕੁੱਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁੱਪ ਰਿਹਾ ਤਾਂ ਸ਼ਮਾਂਦਾਨ ਕੀ ਕਹਿਣਗੇ
ਗੀਤ ਦੀ ਮੌਤ ਇਸ ਰਾਤ ਜੇ ਹੋ ਗਈ
ਮੇਰਾ ਜੀਣਾ ਮੇਰੇ ਯਾਰ ਕਿੰਝ ਸਹਿਣਗੇ।

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ,
ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ।
ਆਖੋ ਇਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ,
ਇਹ ਕਦੋਂ ਤੀਕ ਇੱਥੇ ਖੜ੍ਹੇ ਰਹਿਣਗੇ।

ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ,
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ,
ਕੁੱਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ,
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।

ਇਹ ਜੋ ਰੰਗਾਂ 'ਚ ਚਿੱਤਰੇ ਨੇ ਖੁਰ ਜਾਣਗੇ,
ਇਹ ਜੋ ਮਰਮਰ 'ਚ ਉੱਕਰੇ ਨੇ ਮਿਟ ਜਾਣਗੇ।
ਬਲਦੇ ਹੱਥਾਂ ਨੇ ਜਿਹੜੇ ਹਵਾ ਵਿੱਚ ਲਿਖੇ,
ਹਰਫ ਉਹੀ ਹਮੇਸ਼ਾਂ ਲਿਖੇ ਜਾਣਗੇ।



ਕਵਿਤਾ

## ਭ੍ਰਿਸ਼ਟਾਚਾਰ ਨੂੰ ਚੈਨ ਨਹੀਂ ਲੈਣ ਦੇਣਾ

ਇੰਜ. ਜਸਵੰਤ ਸਿੰਘ
.(ਰਿਟਾ.) ਜਲੰਧਰ

ਭ੍ਰਿਸ਼ਟਾਚਾਰ ਨੇ ਸਾਨੂੰ ਬਰਬਾਦ ਕੀਤਾ,
ਐਸਾ ਨਸ਼ਾ ਇਸ ਦਾ ਸਭ ਨੂੰ ਚੜ੍ਹੀ ਜਾਂਦਾ।
ਵੱਢ੍ਹੀ -ਰਿਸ਼ਵਤ ਦੇ ਨਾਲ ਹੀ ਕੰਮ ਚਲਦੇ,
ਸੱਜੇ ਖੱਬਿਓਂ ਹਰ ਕੋਈ ਫੜੀ ਜਾਂਦਾ।
ਪੈਸਾ ਦੇਣ ਤੋਂ ਜੇ ਇਨਕਾਰ ਕਰੀਏ,
ਢੇਰ ਫਾਈਲਾਂ ਦਾ ਫਾਈਲ 'ਤੇ ਚੜ੍ਹੀ ਜਾਂਦਾ।
ਦੂਜੇ ਦਿਨ ਤਾਂ ਫਾਈਲ ਫਿਰ ਲੱਭਦੀ ਨਾ,
ਬਾਬੂ ਫਾਈਲ ਤੋਂ ਹੀ ਨਾਂਹ ਕਰੀ ਜਾਂਦਾ।
ਮੰਦਾ ਲੱਗਿਆ ਚੋਰ ਬਾਜ਼ਾਰ ਅੰਦਰ,
ਹੁਣ ਤਾਂ ਚੋਰ ਹੀ ਚੋਰ ਨੂੰ ਫੜੀ ਜਾਂਦਾ।
ਕਿਹੜੇ ਚੋਰ ਨੂੰ ਫੜ ਕੇ ਸਜ਼ਾ ਦਈਏ,
ਸਜ਼ਾ ਦੇਣ ਵਾਲਾ ਚੋਰੀ ਕਰੀ ਜਾਂਦਾ।
ਵੱਢੀ ਰਿਸ਼ਵਤ ਦੇ ਨਾਲ ਕਾਨੂੰਨ ਚਲਦਾ,
ਸੱਚਾ ਝੂਠੇ ਦੀ ਹਾਮ੍ਹੀ ਅਜ ਭਰੀ ਜਾਂਦਾ।
ਅਸੀਂ ਦੇਸ਼ ਨੂੰ ਸਾਰੇ ਬਰਬਾਦ ਕਰਦੇ,
ਫਿਰ ਵੀ ਦੇਸ਼ ਤਰੱਕੀ ਪਿਆ ਕਰੀ ਜਾਂਦਾ।
ਭ੍ਰਿਸ਼ਟਾਚਾਰ ਦੀ ਘਾਟ ਨਾ ਦਫ਼ਤਰਾਂ 'ਚ,
ਧਾਰਮਿਕ ਅਸਥਾਨਾਂ 'ਚ ਭ੍ਰਿਸ਼ਟਾਚਾਰ ਚਲਦਾ।
ਕੀ ਸੱਚ ਹੈ ਰੱਬ ਦੀਆਂ ਰੱਬ ਜਾਣੇ,
ਭਿਸ਼ਟਾਚਾਰ ਦਾ ਕਿਵੇਂ ਬਾਜ਼ਾਰ ਚੱਲਦਾ।
ਰੋਜ਼ ਪਰਚੇ ਭਰੇ ਅਖ਼ਬਾਰ ਦਸਦੇ,
ਸਾਡੇ ਦੇਸ਼ ਦਾ ਕਿਵੇਂ ਵਿਹਾਰ ਚਲਦਾ।
ਵੱਢੀ ਰਿਸ਼ਵਤ ਨੂੰ ਰੋਜ਼ ਫਿਟਕਰਦੇ ਹਾਂ,
ਭ੍ਰਿਸ਼ਟਾਚਾਰ ਫਿਰ ਵੀ ਲਗਾਤਾਰ ਚਲਦਾ।
ਦੇਸ਼ਵਾਸੀਓ ਆਓ ਵਿਚਾਰ ਕਰੀਏ,
ਭ੍ਰਿਸ਼ਟਾਚਰ ਨੂੰ ਕੌਣ ਚਲਾਈ ਜਾਂਦਾ।
ਕੰਬਲ, ਬੋਤਲ ਸ਼ਰਾਬ ਦੀ ਲਏ ਕਿਸਨੇ,
ਕੌਣ ਝੂਠੀਆਂ ਵੋਟਾਂ ਅੱਜ ਪਾਈ ਜਾਂਦਾ।
ਵੋਟਾਂ ਲੈਣ ਵੇਲੇ ਵੰਡੇ ਨੋਟ ਕਿਸਨੇ,
ਕੌਣ ਝੂਠੀਆਂ ਵੋਟਾਂ ਅੱਜ ਪਾਈ ਜਾਂਦਾ।
ਵੋਟਾਂ ਲੈਣ ਵੇਲੇ ਵੰਡੇ ਨੋਟ ਕਿਸ ਨੇ,
ਕਿਹੜਾ ਸਾਨੂੰ ਅੱਜ ਲੁੱਟ ਕੇ ਖਾਈ ਜਾਂਦਾ।
ਵੋਟਾਂ ਲੈਣ ਵੇਲੇ ਵੰਡੇ ਨੋਟ ਕਿਸਨੇ,
ਕਿਹੜਾ ਸਾਨੂੰ ਅੱਜ ਲੁੱਟ ਕੇ ਖਾਈ ਜਾਂਦਾ।
ਪਹਿਲਾਂ ਲੁੱਟਿਆ ਸਾਨੂੰ ਵਿਦੇਸ਼ੀਆਂ ਨੇ,
ਹੁਣ ਤਾਂ ਦੇਸ਼ ਹੀ ਲੁੱਟ ਮਚਾਈ ਜਾਂਦਾ।
ਸਾਰੇ ਮਿਲਕੇ ਆਓ ਅਜ ਪ੍ਰਣ ਕਰੀਏ,
ਭ੍ਰਿਸ਼ਟਾਚਾਰ ਨਹੀਂ ਦੇਸ਼ 'ਚ ਰਹਿਣ ਦੇਣਾ।
ਪੈਸਾ ਲੈ ਦੇ ਕੇ ਜਿਹੜਾ ਲਈ ਕੁਰਸੀ,
ਉਸ ਨੂੰ ਕੁਰਸੀ 'ਤੇ ਕਦੇ ਨਹੀਂ ਬਹਿਣ ਦੇਣਾ।
ਚੋਰੀ ਟੈਕਸਾਂ ਦੀ ਹੁਣ ਨਹੀਂ ਹੋਣ ਦੇਣੀ,
ਘਾਟਾ ਦੇਸ਼ ਨੂੰ ਕਦੇ ਨਾਂ ਪੈਣ ਦੇਣਾ।
ਭ੍ਰਿਸ਼ਟਾਚਾਰ ਨੇ ਲੁੱਟਿਆ ਚੈਨ ਸਾਡਾ,
ਭ੍ਰਿਸ਼ਟਾਚਾਰ ਨੂੰ ਚੈਨ ਨਹੀਂ ਲੈਣ ਦੇਣਾ।

* * * * *



## ਗ਼ਜ਼ਲ

ਬਲਬੀਰ ਸਿੰਘ ਸੈਣੀ, ਨੰਗਲ

ਜੋਗੀਆਂ ਤੇ ਸਾਧੂਆਂ, ਸੰਨਿਆਸੀਆਂ ਦੇ ਢੇਰ ਹਨ,
ਧਰਮ ਦੇ ਪਰਦੇ ਦੇ ਓਹਲੇ, ਕਾਫ਼ਰਾਂ ਦੇ ਢੇਰ ਹਨ।

ਵੇਖ ਕੇ ਕਤਲਾਂ ਤੇ ਡਾਕੇ ਰੋਜ਼ ਇਹ ਕਹਿਣਾ ਪਵੇ,
ਲੀਡਰਾਂ ਦੇ ਭੇਖ ਦੇ ਵਿੱਚ, ਕਾਤਲਾਂ ਦੇ ਢੇਰ ਹਨ।

ਚੁੱਪ ਕਰ ਜਾਂਦੇ ਅਸੀਂ ਤਾਂ ਜ਼ੁਲਮ ਹੁੰਦਾ ਵੇਖ ਕੇ,
ਸਾਡੇ ਅੰਦਰ ਛੁਪ ਕੇ ਬੈਠੇ ਬੁਜ਼ਦਿਲਾਂ ਦੇ ਢੇਰ ਹਨ।

ਕਿਸ ਤਰ੍ਹਾਂ ਮੈਂ ਇਹ ਵੀ ਆਖਾਂ ਦੇਸ਼ ਹੈ ਸੁੰਦਰ ਮੇਰਾ,
ਹਰ ਗ਼ਲੀ ਹਰ ਮੋੜ ‘ਤੇ ਹੀ ਰੂੜੀਆਂ ਦੇ ਢੇਰ ਹਨ।

ਹਰ ਜਗ੍ਹਾ ਵੈਦਾਂ ਦੇ ਝੁੰਡ ਨੇ ਡਾਕਟਰਾਂ ਦੇ ਕਾਫ਼ਲੇ,
ਬੇਤਹਾਸ਼ਾ ਰੋਗ ਫਿਰ ਵੀ ਰੋਗੀਆਂ ਦੇ ਢੇਰ ਹਨ।

ਕੀ ਅਦਾਲਤ-ਕੀ ਸਿਆਸਤ-ਧਰਮ ਕੀ ਬੱਸ ਹਰ ਜਗ੍ਹਾ,
ਸ਼ਾਤਰਾਂ ਦੇ-ਗਿਰਗਿਟਾਂ ਦੇ-ਅਜਗਰਾਂ ਦੇ ਢੇਰ ਹਨ।

ਹੁਣ ਤਾਂ ਸਾਡੇ ਲੋਕਰਾਜੀ ਦੇਸ਼ ਵਿੱਚ ਵੀ ਐ ‘ਸੈਣੀ’,
ਡਾਕੂਆਂ, ਪਾਖੰਡੀਆਂ ਤੇ ਵਹਿਸ਼ੀਆਂ ਦੇ ਢੇਰ ਹਨ।

* * * * *



## KEY TO SUCCESS

Disha Saini
Ropar

Your Future Depends Upon Your Aspirations. Almost everyone living in this world has his or her dream of becoming a famous personality. And to become successful and famous one should set their goal according to it. There is one famous proverb "SKY IS THE LIMIT" which makes this proverb true i.e. APJ Abdul Kalam, Nelson Mandela, and Santosh Yadav.

There is a woman who is the inspiration of most of the girls in this world to climb MT. Everest twice. She did a lot of struggle in her life. The place where she was born never welcomed the girl child. But her grandmother was very happy when she was born. She wanted to study and built up career, she left her home as everyone in her family wanted her to get married. She studied herself and became successful. So if anybody has a dream it's only up to him or her how he chooses to achieve that, but his future is totally pictured by his aspirations. Ones aspiration works as a compass and a fuel in providing direction and push in one's life. Goals and aspirations keep one focused not allowing them to waste their time, resources and energies on trivialities. On the other hand, a man or woman without aspirations is prone to distractions and may miss achieving much in life. We, all of us have heard about the universal law of attraction, it gets activated when we keep our focus on our goal. It will attract us towards it and we will reach it.

My goal is to become a doctor and myself have felt that when I am seating alone or board I start to think something about bio-subject and I am definitely sure that I will become a doctor one day. One more thing, if we are trapped in the wrong company or thoughts then we cannot achieve our goals and some time we are trapped so badly that we cannot even come back to right path to achieve goal. So it's our choice which path should we chose?

So one should choose right path to get success. One of the most important recipes of success is determination and it might as well be the most important secret of success. To become successful, it is necessary to never give up until the aim of happiness and satisfaction in life is fully met. The happiness and satisfaction can be found in very different things in different people.



## TIME

**Parwaj Singh**
California (USA

Waiting for tomorrow
So we're postponing our today
But time can leave us so,
He spreads his wings and flies away
Time move on, he waits for no one
He couldn't stop, he wouldn't stop
His work is not done
We should be blind
For all we've last behind
Key to happiness
Love what you've got
And that itself is a lot

From A Poem's Legacy

# GENESIS OF A SCHOOL

Baldev Singh
Mumbai



Gandhi Memorial National Senior Secondary School Ropar will soon be celebrating its Diamond jubilee in June 2024 by completing 75 years since its commencement. At this juncture, it will be iimportant to learn and reflect upon the genesis of this School.

Prior to independence, Ropar had five schools in all, to impart education to its young residents. These were:- Government Girls High School, Khalsa High School, Public Hindu High School,Government High School (for boys) and Islamia Middle School. Indian independence, on 15th August 1947, led to the partition of Punjab,. As a result the Islamia Middle School migrated to the territory of Pakistan. Also Government High School (for boys) was upgraded as Government College. Thus Ropar lost two Schools.

Now, sensing the acute need for a top quality educational institute, Lala Lalchand Gupta, who was an enterprising teacher and served as The Headmaster (~Principal) of Public Hindu High School, single-handedly planned to establish GMN High School in Ropar. Gupta Ji travelled all the way to Bombay (now Mumbai) from Ropar to tap the rich business people of the financial capital of India around Bombay Stock Exchange for financing his project of establishing the said School. He was able to garner sufficient seed-capital from Bombay. Thus Gupta Ji embarked upon the construction of the school building and simultaneously also commenced admissions and classes in June 1948 without waiting for completion of the entire school building.

The Teaching Faculty members were painstakingly chosen from the most experienced and reputed teachers in the vicinity. To name a few: Lala Nathuram was an excellent teacher of English as well as of Mathematics, Master Megh Singh an authority in Mathematics, Giani Lehna Singh, a retired teacher for Punjabi. Within one year, the student count increased drastically whereby classes from $5^{th}$ to $10^{th}$ standard became operational. Later Sri Harbans Lal joined as teacher of Science , Mr Kapil Dev Kaushal joined as Drawing Master and Shri Manohar Lal Chopra, also came to serve in the school.

Gupta Ji handed over charge of Head Master to Mr Harbans Lal and upgraded Mr Manohar Lal Chopra as second Master. Both of them proved priceless for the progress and glory of GMNSSS.

In early days, when the school building was still under construction, Gupta Ji did not hesitate to physically join in consolidating the foundation. As students, we also used to enthusiastically participate in such work beyond the curricular-time taking ownership in the development of our own school. This was a great and practical lesson to appreciate the concept of “Dignity of Labour” cherished by the author later during his professional career which involved being an hands-onengineer.

Upon entering the school compound Gupta Ji used to start picking up any bits of paper strewn around the compound or even other rubbish material so as to keep the compound clean and by his actions, positively encouraging us students to voluntarily follow him. We thus imbibed the concept of cleanliness as an ongoing activity for each individual and not merely for the housekeeping staff. But it

Continue to page 34....

ਸਿਹਤ ਸੰਭਾਲ

# ਦਿਲ ਦਾ ਦੌਰਾ - ਅਗਾਊਂ ਚੇਤਾਵਨੀ

ਡਾ. ਟੀ.ਪੀ. ਸਿੰਘ
ਕਾਰਡਿਓਲੋਜਿਸਟ
ਪ੍ਰਾਈਮ ਹਰਟ ਐਂਡ ਵੈਸਕੁਲਰ ਇੰਸਟੀਚਿਊਟ ਮੋਹਾਲੀ

ਦਿਲ, ਮਨੁੱਖੀ ਸਰੀਰ ਦਾ ਸਭ ਤੋਂ ਤਾਕਤਵਰ ਕਾਰਜਸ਼ੀਲ ਅੰਗ ਹੈ। ਇਹ ਕੇਸ਼ਕਾਵਾਂ (ਆਰਟਰੀਜ਼) ਦੇ ਜਾਲ ਰਾਹੀਂ ਨਿਰੰਤਰ ਆਕਸੀਜਨ ਅਤੇ ਹੋਰ ਪੌਸ਼ਟਿਕ ਤੱਤਾਂ ਨਾਲ ਭਰਪੂਰ ਖੂਨ ਨੂੰ ਸਰੀਰ ਦੇ ਵੱਖ ਵੱਖ ਅੰਗਾਂ ਤੱਕ ਪਹੁੰਚਾਉਣ ਲਈ ਪੰਪ ਕਰਦਾ ਹੈ। ਖੂਨ ਦੀ ਇਹ ਮਾਤਰਾ 5 ਲਿਟਰ ਪ੍ਰਤਿ ਮਿੰਟ ਹੁੰਦੀ ਹੈ ਜੋ ਜੋਰਦਾਰ ਸਰੀਰਿਕ ਕਿਰਿਆ ਦੌਰਾਨ 10 ਗੁਣਾ ਵਧ ਜਾਂਦੀ ਹੈ। ਇਸ ਕਠਿਨ ਕਾਰਜ ਨੂੰ ਕਰਨ ਲਈ ਦਿਲ ਦੇ ਪੱਠਿਆਂ ਨੂੰ ਭਰਪੂਰ ਮਾਤਰਾ ਵਿੱਚ ਆਕਸੀਜਨ ਭਰਪੂਰ ਖੂਨ ਦੀ ਲੋੜ ਹੁੰਦੀ ਹੈ ਜੋ ਇਸ ਨੂੰ ਖੱਬੇ ਅਤੇ ਸੱਜੇ ਪਾਸਿਓਂ ਕਰੋਨਰੀ ਆਰਟਰੀਜ਼ ਰਾਹੀਂ ਮਿਲਦਾ ਹੈ। ਜੇ ਕਿਸੇ ਕਾਰਨ ਦਿਲ ਨੂੰ ਮਿਲਦਾ ਖੂਨ ਰੁਕ ਜਾਵੇ ਤਾਂ ਇਹ ਜ਼ਖਮੀ ਹੋ ਜਾਂਦਾ ਹੈ ਜਿਸ ਨੂੰ ਡਾਕਟਰੀ ਭਾਸ਼ਾ ਵਿੱਚ ਮਇਓਕਾਰਡੀਅਲ ਇੰਨਫਰੈਕਸ਼ਨ ਅਤੇ ਆਮ ਭਾਸ਼ਾ ਵਿੱਚ ਦਿਲ ਦਾ ਦੌਰਾ ਕਿਹਾ ਜਾਂਦਾ ਹੈ।

ਕਰੋਨਰੀ ਆਰਟਰੀ ਬਿਮਾਰੀ ਉਦੋਂ ਹੁੰਦੀ ਹੈ ਜਦੋਂ ਕਰੋਨਰੀਜ਼ ਦੀਆਂ ਕੰਧਾਂ ਨਾਲ ਚਰਬੀ ਦੀ ਤਹਿ ਜੰਮਣੀ ਸ਼ੁਰੂ ਹੋ ਜਾਂਦੀ ਹੈ ਜਿਸ ਨਾਲ ਉਹ ਸਖਤ ਅਤੇ ਤੰਗ ਹੋ ਜਾਂਦੀਆਂ ਹਨ। ਇਹ ਨੁਕਸ ਲਗਾਤਾਰ ਜਾਰੀ ਰਹਿਣ ਨਾਲ ਦਿਲ ਦੇ ਪੱਠੇ ਖੂਨ ਦੀ ਘਾਟ ਮਹਿਸੂਸ ਕਰਨ ਲਗਦੇ ਹਨ। ਇਸ ਨਾਲ ਇਸਕੈਮਿਕ ਨਾਮੀ ਨੁਕਸ ਪੈ ਜਾਂਦਾ ਹੈ ਅਤੇ ਦਿਲ ਵਿੱਚ ਦਰਦ ਹੋਣ ਲਗਦਾ ਹੈ ਜਿਸ ਨੂੰ ਐਨਜਾਈਨਾ ਕਿਹਾ ਜਾਂਦਾ ਹੈ। ਐਨਜਾਈਨਾ ਦਾ ਮਤਲਬ ਹੈ ਕਿ ਕਰੋਨਰੀਜ਼ ਦਿਲ ਦੇ ਪੱਠਿਆਂ ਨੂੰ ਲੋੜ ਅਨੁਸਾਰ ਖੂਨ ਦੇਣ ਵਿੱਚ ਕਾਮਯਾਬ ਨਹੀਂ ਹੋ ਰਹੀਆਂ। ਚਰਬੀ ਦੀ ਇਹ ਤਹਿ ਕਈ ਵਾਰ ਫਟ ਵੀ ਜਾਂਦੀ ਹੈ ਜਿਸ ਨਾਲ ਆਰਟਰੀ ਵਿੱਚ ਥਰੌਮਬਸ ਜਾਂ ਖੂਨ ਦੇ ਜੰਮ ਜਾਣ ਨਾਲ ਖੂਨ ਦਾ ਵਹਾਅ ਰੁਕ ਜਾਂਦਾ ਹੈ। ਇਹ ਅਚਾਨਕ ਰੁਕਾਵਟ(ਅਕਲੂਸ਼ਨ) ਦਿਲ ਨੂੰ ਖੂਨ ਦੀ ਸਪਲਾਈ ਪੂਰੀ ਤਰ੍ਹਾਂ ਬੰਦ ਕਰ ਦਿੰਦੀ ਹੈ ਜਿਸ ਨਾਲ ਦਿਲ ਦਾ ਦੌਰਾ ਪੈ ਜਾਂਦਾ ਹੈ।

ਐਨਜਾਈਨਾ, ਦਿਲ ਦੇ ਦੌਰੇ ਦਾ ਮੁਢਲਾ ਲੱਛਣ ਹੈ। ਇਸ ਦੀਆਂ ਆਮ ਤੌਰ 'ਤੇ ਦੋ ਹਾਲਤਾਂ ਹੁੰਦੀਆਂ ਹਨ- ਇਕ ਸਥਾਈ ਅਤੇ ਦੂਜੀ ਅਸਥਾਈ। ਸਥਾਈ ਐਨਜਾਈਨਾ ਬਹੁਤ ਦਰਦਭਰਪੂਰ ਹਾਲਤ ਹੁੰਦੀ ਹੈ ਪਰ ਇਸ ਦਾ ਸਮੇਂ ਸਿਰ ਪਤਾ ਲਗ ਜਾਂਦਾ ਹੈ ਜਿਸ ਕਰ ਕੇ ਇਹ ਅਸਥਾਈ ਐਨਜਾਈਨਾ ਨਾਲੋਂ ਘੱਟ ਖਤਰਨਾਕ ਹੁੰਦਾ ਹੈ। ਇਹ ਆਰਾਮ ਕਰਨ ਨਾਲ ਅਤੇ ਦਵਾਈ ਖਾਣ ਨਾਲ ਆਮ ਤੌਰ 'ਤੇ ਠੀਕ ਹੋ ਜਾਂਦਾ ਹੈ। ਇਸ ਦੇ ਤੁਰੰਤ ਇਲਾਜ ਲਈ ਖਾਸ ਤੌਰ 'ਤੇ ਜੀਭ ਹੇਠਾਂ ਦਵਾਈ ਦੀ ਗੋਲ਼ੀ ਰੱਖ ਦਿੱਤੀ ਜਾਂਦੀ ਹੈ। ਕੋਈ ਵੀ ਅਜਿਹਾ ਕੰਮ ਜਿਵੇਂ ਵਰਜਸ਼, ਠੰਢਾ ਮੌਸਮ, ਮਾਨਸਿਕ ਤਨਾਓ ਅਤੇ ਭਾਰੀ ਖੁਰਾਕ, ਜਿਸ ਨਾਲ ਦਿਲ ਨੂੰ ਵੱਧ ਆਕਸੀਜਨ ਦੀ ਲੋੜ ਪੈਂਦੀ ਹੈ, ਐਨਜਾਈਨਾ ਦਾ ਕਾਰਨ ਬਣ ਸਕਦਾ ਹੈ।

ਅਸਥਾਈ ਐਨਜਾਈਨਾ ਨੂੰ ਆਮ ਤੌਰ 'ਤੇ ਗੰਭੀਰ ਕਰੋਨਰੀ ਸਿੰਡਰੌਮ (ਏ ਸੀ ਐਸ) ਹਾਲਤ ਮੰਨਿਆਂ ਜਾਂਦਾ ਹੈ। ਇਸ ਹਾਲਤ ਵਿੱਚ ਈਸੀਜੀ ਅਤੇ ਖੂਨ ਦੇ ਟੈਸਟ ਆਉਣ ਵਾਲੇ ਦਿਲ ਦੇ ਦੌਰੇ ਦੀ ਸੰਭਾਵਨਾ ਪ੍ਰਗਟ ਕਰ ਦਿੰਦੇ ਹਨ। ਜੇ ਭਰਵਾਂ ਇਲਾਜ ਨਾ ਕਰਵਾਇਆ ਜਾਵੇ ਤਾਂ ਇਹ ਸਥਿਤੀ ਗੰਭੀਰ ਦਿਲ ਦੇ ਦੌਰੇ ਦਾ ਰੂਪ ਧਾਰਨ ਕਰ ਲੈਂਦੀ ਹੈ।

ਐਨਜਾਈਨਾ ਭਾਵੇਂ ਦਿਨ ਦੇ ਕਿਸੇ ਸਮੇਂ ਵੀ ਹਮਲਾ ਕਰ ਸਕਦਾ ਹੈ ਪਰ ਇਹ ਬਹੁਤੀ ਵਾਰ ਦਿਨ ਦੇ ਸ਼ੁਰੂਆਤੀ ਸਮੇਂ ਵਾਪਰਦਾ ਨੋਟ ਕੀਤਾ ਗਿਆ ਹੈ। ਅਸਥਾਈ ਐਨਜਾਈਨਾ, ਸਥਾਈ ਐਨਜਾਈਨਾ ਅਤੇ ਦਿਲ ਦੇ ਦੌਰੇ ਦੇ ਵਿਚਕਾਰਲੀ ਸਥਿਤੀ ਹੈ ਅਤੇ ਇਸ ਦੇ ਵਾਪਰਨ ਨੂੰ ਅਗਾਊਂ ਜਾਣਿਆਂ ਨਹੀਂ ਜਾ ਸਕਦਾ। ਇਹ ਬਹੁਤ ਹੀ ਖਤਰਨਾਕ ਬਿਮਾਰੀ ਹੈ। ਇਸ ਨੂੰ ਆਮ ਤੌਰ 'ਤੇ ਹੇਠ ਲਿਖੀਆਂ ਹਾਲਤਾਂ ਤੋਂ ਪਛਾਣਿਆਂ ਜਾਂਦਾ ਹੈ-

ਇੱਕ, ਦਿਲ ਵਿੱਚ ਦਰਦ ਮਰੀਜ ਨੂੰ ਨੀਂਦ ਵਿੱਚੋਂ ਜਗਾਉਂਦਾ ਹੈ ਜਾਂ ਇਹ ਆਰਾਮ ਕਰਦਿਆਂ ਵਾਪਰਦਾ ਹੈ। ਦੂਜੇ ਉਹ ਮਰੀਜ ਜਿਸ ਨੂੰ ਕਦੇ ਐਨਜਾਈਨਾ ਨਹੀਂ ਹੋਇਆ ਪਰ ਹੁਣ ਪਿਛਲੇ ਦੋ ਮਹੀਨਿਆਂ ਤੋਂ ਥਕਾਵਟ ਦੌਰਾਨ ਦਰਦ ਮਹਿਸੂਸ ਕਰ ਰਿਹਾ ਹੈ।

ਦਿਲ ਦੇ ਦੌਰੇ ਦੇ ਲੱਛਣ- ਜਿਸ ਵੀ ਵਿਅਕਤੀ ਨੂੰ ਜਾਪਦਾ ਹੈ ਕਿ ਉਸ ਨੂੰ ਦਿਲ ਦਾ ਦੌਰਾ ਪੈ ਸਕਦਾ ਹੈ, ਉਸ ਨੂੰ ਡਾਕਟਰ ਪਾਸ ਜਾਣ ਦੀ ਸੁਸਤੀ ਨਹੀਂ ਕਰਨੀ ਚਾਹੀਦੀ। ਜੇ ਕਿਸੇ ਵਿਅਕਤੀ ਦੇ ਵਿਸ਼ੇਸ਼ ਛਾਤੀ ਦੀ ਦਰਦ ਹੋਵੇ ਜਾਂ ਬਿਨਾਂ ਕਿਸੇ ਕਾਰਨ ਤੋਂ ਸਾਹ ਚੜ੍ਹਦਾ ਹੋਵੇ ਅਤੇ ਜੇ ਉਹ ਆਮ ਦਵਾਈਆਂ ਨਾਲ ਠੀਕ ਨਹੀਂ ਹੋ ਰਹੇ ਤਾਂ ਮਰੀਜ਼ ਨੂੰ ਤੁਰੰਤ ਦਿਲ ਦੇ ਮਾਹਿਰ ਡਾਕਟਰ ਕੋਲ ਜਾਣਾ ਚਾਹੀਦਾ ਹੈ। ਦਿਲ ਤੋਂ ਪਹਿਲਾਂ ਦਾ ਦਰਦ ਜਾਂ ਹੋਰ ਲੱਛਣ ਅਲੱਗ ਅਲੱਗ ਵਿਅਕਤੀਆਂ ਵਿੱਚ ਵੱਖਰੇ ਵੱਖਰੇ ਹੁੰਦੇ ਹਨ। ਦਿਲ ਦਾ ਦੌਰਾ ਇਕਦਮ, ਹੌਲੀ ਹੌਲੀ ਅਤੇ ਰੁਕ ਰੁਕ ਕੇ ਵੀ ਪੈ ਸਕਦਾ ਹੈ। ਛਾਤੀ ਦਾ ਦਰਦ, ਦਿਲ ਦੇ ਦੌਰੇ ਦਾ ਆਮ ਜਾਣਿਆਂ ਜਾਂਦਾ ਲੱਛਣ ਹੈ। ਦਿਲ ਦੀ ਬਿਮਾਰੀ ਦੇ ਸੰਭਾਵੀ ਮਰੀਜ਼ਾਂ ਨੂੰ ਛਾਤੀ ਦੇ ਦਰਦ ਪ੍ਰਤਿ ਗੰਭੀਰ ਅਤੇ ਚੇਤੰਨ ਰਹਿਣਾ ਚਾਹੀਦਾ ਹੈ। ਇਹ ਦਰਦ, ਛਾਤੀ 'ਤੇ ਬਹੁਤ ਭਾਰ ਅਤੇ ਪਸੀਨੇ ਦੇ ਰੂਪ ਵਿੱਚ ਹੋ ਸਕਦਾ ਹੈ। ਇਹ ਖੱਬੇ ਮੋਢੇ, ਬਾਂਹ, ਗਲੇ ਜਾਂ ਜਬਾੜ੍ਹੇ ਵੱਲ ਜਾਂਦਾ ਹੈ। ਕਈ ਕੇਸਾਂ ਵਿੱਚ ਪੇਟ ਖਰਾਬ ਹੋਣਾ, ਉਲਟੀ ਆਉਣ ਨੂੰ ਕਰਨਾ, ਕੱਚੀਆਂ ਤ੍ਰੇਲੀਆਂ, ਬਦਹਜ਼ਮੀ, ਦਿਲ ਧੁਖਣਾਂ, ਪੇਟ ਦਰਦ ਅਤੇ ਬੇਹੋਸ਼ੀ ਵੀ ਇਸ ਦੇ ਲੱਛਣ ਹੋ ਸਕਦੇ ਹਨ। ਕਈ ਮਰੀਜ਼ਾਂ ਨੂੰ ਛਾਤੀ ਦਾ ਦਰਦ ਨਹੀਂ ਹੁੰਦਾ ਪਰ ਉਨ੍ਹਾਂ ਨੂੰ ਸਾਹ

ਚੜ੍ਹਨ ਅਤੇ ਦਿਲ ਰੁਕਣ ਦੀ ਸ਼ਿਕਾਇਤ ਹੋ ਜਾਂਦੀ ਹੈ।

ਕੁੱਝ ਲੋਕਾਂ ਜਿਨ੍ਹਾਂ ਨੂੰ ਗੰਭੀਰ ਕਰੋਨਰੀ ਆਰਟਰੀ ਬਿਮਾਰੀ ਹੁੰਦੀ ਹੈ ਉਨ੍ਹਾਂ ਨੂੰ ਐਨਜਾਈਨਾ ਹੁੰਦਾ ਹੀ ਨਹੀਂ। ਇਸ ਹਾਲਤ ਨੂੰ ਸਾਈਲੈਂਟ ਇਸਚੀਮੀਆਂ ( ਸ਼ਾਂਤੀ ਨਾਲ ਖੂਨ ਦਾ ਰੁਕਣਾ) ਆਖਿਆ ਜਾਂਦਾ ਹੈ। ਇਹ ਦਿਮਾਗ ਦੁਆਰਾ ਦਿਲ ਦੇ ਦਰਦ ਨੂੰ ਅਸਾਧਾਰਨ ਢੰਗ ਨਾਲ ਸਹਾਰਨ ਕਰਕੇ ਹੁੰਦਾ ਹੈ। ਇਹ ਖਤਰਨਾਕ ਹਾਲਤ ਹੈ ਕਿਉਂਕਿ ਮਰੀਜ ਦਿਲ ਦੇ ਦੌਰੇ ਦਾ ਕੋਈ ਵੀ ਲੱਛਣ ਅਨੁਭਵ ਨਹੀਂ ਕਰਦਾ। ਇਹ ਸਥਿਤੀ ਆਮ ਤੌਰ 'ਤੇ ਸ਼ੂਗਰ ਦੇ ਮਰੀਜਾਂ ਵਿੱਚ ਹੁੰਦੀ ਹੈ।

ਉਹ ਲੱਛਣ ਜੋ ਦਿਲ ਫੇਲ੍ਹ ਹੋਣ ਦੇ ਨਹੀਂ ਹੁੰਦੇ- ਸਾਹ ਜਾਂ ਖੰਘ ਨਾਲ ਹੁੰਦੀ ਦਰਦ, ਪੇਟ ਦੇ ਨਿਚਲੇ ਜਾਂ ਵਿਚਕਾਰਲੇ ਭਾਗ ਵਿੱਚ ਦਰਦ, ਇਕ ਉਂਗਲੀ ਦੇ ਸਿਰੇ ਜਿੰਨੀ ਜਗਾਹ 'ਤੇ ਦਰਦ, ਛਾਤੀ ਨੂੰ ਦੱਬਣ ਜਾਂ ਬਾਹਾਂ ਨੂੰ ਹਿਲਾਉਣ ਨਾਲ ਹੁੰਦੀ ਦਰਦ ਜਾਂ ਕੁੱਝ ਹੀ ਸੈਕਿੰਟਾਂ ਤੱਕ ਹੁੰਦੀ ਦਰਦ।

ਖਤਰੇ ਦੇ ਕਾਰਕ- ਕਈ ਅਜਿਹੇ ਕਾਰਕ ਹਨ ਜਿਹੜੇ ਦਿਲ ਦੀ ਬਿਮਾਰੀ ਨੂੰ ਵਧਾਉਣ ਵਿੱਚ ਸਹਾਇਕ ਹੁੰਦੇ ਹਨ। ਇਹ ਕਾਰਕ ਹਨ- ਸਿਗਰਟਨੋਸ਼ੀ, ਸ਼ੂਗਰ ਦੀ ਬਿਮਾਰੀ, ਹਾਈ ਬਲੱਡ ਪ੍ਰੈਸ਼ਰ, ਹਾਈ ਕਲੈਸਟਰੌਲ, ਮੋਟਾਪਾ ਅਤੇ ਦਿਲ ਦੀ ਬੀਮਾਰੀ ਦੀ ਪਰਿਵਾਰਕ ਹਿਸਟਰੀ ਆਦਿ। ਇਨ੍ਹਾਂ ਤੋਂ ਇਲਾਵਾ ਹਾਈ ਸਟਰੈਸ ਨੌਕਰੀਆਂ, ਅੰਤਰਮੁਖੀ ਸਖਸ਼ੀਅਤਾਂ ਅਤੇ ਆਰਾਮਦਾਇਕ ਜੀਵਨ ਸ਼ੈਲੀ ਵੀ ਦਿਲ ਦੇ ਦੌਰੇ ਦੇ ਛੋਟੇ ਕਾਰਕ ਹੋ ਸਕਦੇ ਹਨ। ਸਿਗਰਟਨੋਸ਼ੀ ਅਤੇ ਨੁਕਸਦਾਰ ਜੀਵਨ ਸ਼ੈਲੀ ਜਿਹੇ ਕਾਰਕਾਂ ਨੂੰ ਅਸੀਂ ਆਪਣੀਆਂ ਆਦਤਾਂ ਵਿੱਚ ਸੁਧਾਰ ਕਰ ਕੇ ਪੂਰੀ ਤਰ੍ਹਾਂ ਹਟਾ ਸਕਦੇ ਹਾਂ।

ਦਿਲ ਦੇ ਦੌਰੇ ਦੇ ਲੱਛਣ ਪ੍ਰਗਟ ਹੋਣ 'ਤੇ ਕੀਤੇ ਜਾਣ ਵਾਲੇ ਤੁਰੰਤ ਕਾਰਜ- ਐਸਪਰੀਨ ਦੀ ਗੋਲੀ ਚੂਸ ਲਓ। ਨਾਈਟਰੋਗਲੈਸਰੀਨ ਦਾ ਸਪਰੇਅ ਕਰੋ ਅਤੇ ਪੰਜ ਪੰਜ ਮਿੰਟ ਬਾਅਦ ਸਬਲਿੰਗੁਅਲ ਦਵਾਈ ਦੀਆਂ ਗੋਲੀਆਂ ਖਾਓ। ਇਹ ਇਲਾਜ ਕੇਵਲ ਤਿੰਨ ਡੋਜ਼ਜ਼ ਤੱਕ ਕਰੋ। ਇਸ ਤੋਂ ਬਾਅਦ ਤੁਰੰਤ ਡਾਕਟਰ ਨਾਲ ਸੰਪਰਕ ਕਰੋ ਜਾਂ ਹਸਪਤਾਲ ਦੀ ਐਮਰਜੈਂਸੀ ਸੇਵਾ ਤੱਕ ਪਹੁੰਚ ਕਰੋ। ਇਸ ਸਬੰਧੀ ਆਪਣੇ ਆਪ ਨੂੰ ਧੋਖਾ ਨਾ ਦੇਵੋ।

❊ ❊ ❊ ❊ ❊

ਆਦਮੀ ਵੀ ਕਿੰਨਾ ਨਾਦਾਨ ਹੈ,  
ਮੰਦਰ ਵਿੱਚ ਸ਼ੰਖ ਅਤੇ ਘੜਿਆਲ ਵਜਾਉਂਦਾ ਹੈ।  
ਸੁੱਤਾ ਹੋਇਆ ਖੁਦ ਹੈ,  
ਅਤੇ ਭਗਵਾਨ ਨੂੰ ਜਗਾਉਂਦਾ ਹੈ।  
ਭੁੱਖੇ ਨੂੰ ਰੋਟੀ ਦੇ ਨਹੀਂ ਸਕਦਾ,  
ਮੰਦਰ ਵਿੱਚ ਛੱਪਨ ਭੋਗ ਲਗਾਉਂਦਾ ਹੈ।  
ਹਨੇਰਾ ਦਿਲ ਵਿੱਚ ਹੈ,  
ਦੀਵੇ ਮੰਦਰ ਵਿੱਚ ਜਲਾਉਂਦਾ ਹੈ।(ਪੇਰੀਆਰ)

......continue from page 32

was also a real & practical way of demonstrating the concept of "Practice what you Preach". The awareness of these concepts remained with us life-long. We learnt time-management from Gupta Ji in an interesting way. As in the famous English idiom, he dramatically personified Time for us youngsters as a fleeting, bald person with only a few locks of hair on his forehead. He emphasized the necessity to "catch time by his forelock" before it swiftly flew away from our reach. Thus if we don't act timely and fast enough we may lose an excellent opportunity.

Emphasis on hard work and detail. Very unique! At that time, the format for an examination paper in Mathematics for matriculation used to carry seven questions and students were required to answer any six of them. Gupta Ji openly declared that his students of GMNHS will answer all seven questions and further write in the answer paper challenging the examiner to *check any six*! This tactic was meant to generate a drive, enthusiasm and self-confidence in students to thoroughly learn every single bit of syllabus and have intense knowledge of the subject to be able to fulfil the challenge. This was not mere boasting! Gupta Ji used to ensure that all syllabus was completed well in time and that it had been further revised by putting in hard work, both by teachers as well as students. Ultimately it boils down to practice through hard work. This was a preparation for thorough knowledge and quick writing involving more practice.

I vividly recall that the school generated a clean environment of discipline, dedication and honest, hard work towards progress and success.

*Matriculated from GMNHS in 1954)

# ਸੈਣੀ ਸੰਸਾਰ
# Saini Sansar

SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

**PUBLISHERS**

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਸੈਣੀ ਸੰਸਾਰ

# Saini Sansar

SAINI BHAWAN RUPNAGAR
PUNJAB
ਸਰਬਤ ਦਾ ਭਲਾ

Estd. 1971

# Matrimonials

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001



# Matrimonials


Compiled by :
Surinder Singh
I/c Matrimonials
99880-06822


## ਵਿਆਹੁਣਯੋਗ ਸੈਣੀ ਲੜਕੀਆਂ ਅਤੇ ਲੜਕਿਆਂ ਦੇ ਵੇਰਵੇ

### GIRLS

1. Saini Sikh Girl D.O.B. : 27.11.1994
Height : 5'-4" Complexion : Fair
Education : GNM, B.Sc. Nursing
Profession : Staff Nurse at Max Hospital, Mohali
Income : 2,28,000/- Annual
Gotra : Panglia / Bole
Choice : Non Alcoholic
Contact : S. Jasbir Singh, Vill. Saini Majra, P.O. Ghanauli, Distt. Ropar
Ph. : 74056-01740

2. Saini Sikh Girl Age : 28 Years
Height : 5'-6" Complexion: Wheatish
Education : Dental
Profession : Dental Assistant
Gotra : Daurka / Manak
Ph. : 61434-55559
E-Mail : isingh4691@gmail.com

3. Saini Sikh Girl D.O.B. : 22.08.1992
Height : 5'-4" Complexion : Fair
Education : M.Sc. (Maths), B.Ed (CTET Qualified)
Gotra : Dhamrati / Gauhnia
Contact : S. Dharam Singh, Vill. Santokhgarh, UNA (H.P.)
Ph. : 98726-27281, 98821-62258

4. Saini Sikh Girl D.O.B. : 12.10.1988
Height : 5'-4" Complexion : Fair
Education : B.Com.
Profession : Working in CA firm (Mumbai)
Gotra : Girn / Hud
Choice : Well Educated match from Mumbai, Chandigarh, Kharar, Mohali, Ropar only not willing to settle abroad
Father : Late Karamjeet Singh, Mumbai
Ph. : 93217-72707 (Mother)
E-mail : giranharvinder@gmail.com

5. Saini Sikh Girl D.O.B. : 11.02.1996
Height : 5'-2.5" Complexion : Wheatish
Education : Masters Comp. Science
Profession : Job as a software developer in New Jersey
Gotra : Toger / Mahadwan
Choice : Vegitarian Turbaned boy, IT Comp.
Father : Late S. Harnek Singh, Hargobind Nagar, Ropar
Ph. : 96461-44017 (Whatsapp call Canada Time)

6. Saini Sikh Girl (widow one child 5 year)
D.O.B. : 14.09.1994
Height : 5'-7" Complexion : Fair
Education : B.Sc., B.Ed.
Profession : in Canada on study visa
Gotra : Dhamrait / Tonk
Choice : Same age preferred
Contact : S. Bahadur Singh, V.P.O. Jattana, Distt. Ropar. Ph. : 94179-30011

7. Saini Hindu Girl D.O.B. : 30.03.1995
Height : 5'-7" Complexion : Wheatish
Education : B.Com, M.Com, P.hd in Finance
Profession : Assistant Professor
Salary : 37000/- p.m.
Gotra : Badwal
Choice : A grade govt. officer/ P.R. (Foreign)
Contact : Sh. Harmesh Chander, # 318, Premgarh, Hoshiarpur
Ph. : 062831-39620, 062836-85668

8. Saini Sikh Girl D.O.B. : 22.04.1995
Height : 5'-2" Complexion : Fair
Education : M.Com (Pbi. University)
Profession : Central Govt. Job (Regular)
Income : 42,000/- p.m.
Gotra : Thind / Dulka
Choice : Contact only Ropar local, Vaishnu Sardar (Turbon), Govt. Job only
Contact : S. Iqbal Singh, # 4417, Sukhram Colony, Rupnagar
Ph. : 98150-04825, 98724-03447

9. Saini Sikh Girl D.O.B. : 02.07.1998
Height : 5'-1" Complexion : Fair
Education : BBA, CPA (Canada)
Profession : Senior Accountant in MNC at Vancouver
Salary : 78000 CAD annual package
Gora : Banwait / Chilne
Choice : Well qualified, IT Professional settle in Canada
Contact : Navinder Singh, # 114, Sun Enclave, Ropar. Ph. : 98146-36216

10. Saini Sikh Girl D.O.B. : 30.12.1991
Height : 5'-7" Complexion : Fair
Education : B. Com (Honours), MBA Mkg
Profession : Working in M.N.C. at Gurgaon
Gotra : 18.82 Lac Annual
Choice : Equally Qualified
Gotra : Gehlan / Pama
Contact : S. Varinder Singh, # 5207, G-Block, Sec. 68, Pancham society, Mohali

Ph. : 98726-53405

11.Saini Sikh Girl D.O.B. : 12.09.1991
Height : 5'-4" Complexion : Fair
Education : MBA (Finance)
Profession : Bank Manager ICICI Ropar
Income : Ten Lakh
Gotra : Nanua / Togar
Choice : Well settled educated NRI or Indian Boy
Contact : Davinder Singh, VPO Bhaku Majra
Ph. : 99141-44011

12. Saini Sikh Girl D.O.B. : 09.04.1990
Height : 5'-4", Complexion : Wheatish
Education : Ph. D. in Bio Tech
Profession : Research Job in Virgina Tech University USA
Gotra : Gahunia / Girn
Contact : S. Rameshar Singh, # 2176, Sec. 44-C, Chandigarh. Ph. : 99159-86207

14. Saini Sikh Girl D.O.B. : 02.07.1986
Height : 5'-1" Complexion : Fair
Education : M.A., B.Ed, M.Sc. IT
Profession : Govt. job (Electricity Board)
Income : 50,000/- p.m.
Gotra : Banwait / Chhilna
Choice : Govt. Employee
Contact : # 4006/2, Mohalla Soot Bati, Patiala
Ph. : 62842-38475

15. Saini Sikh Girl D.O.B. : 17.10.1987
Height : 5'-3½" Complexion : Fair
Education : B. Pharmacy, M.Pharmacy
Profession : MNC Job
Gotra : Panghlia / Badwal
Contact : S. Jaspal Singh, Kothi. No. 331, Giani Zail Singh Nagar, Ropar
Mob. : 98724-50137,01881-222331, 94637-00331 (Whatsapp)
E mail : jasjeetraj@gmail.com

16. Saini Sikh Girl D.O.B. : 30.07.1992
Height : 5'-5" Complexion : Fair
Education : M.Sc. (Maths), B.Ed.
Gotra : Gojare / Longia
Choice : Private / Govt. Job
Contact : S. Karnail Singh, Adarsh Nagar, Ropar
Ph. : 99154-80197, 88470-05465

17. Saini Sikh Girl (Divorcee Issueless)
D.O.B. : 15.07.1992
Height : 5'-5" Complexion : Fair
Education : B.Com, M.Com., B.Ed.
Profession : School Teacher Delhi
Income : 20,000 /- p.m.
Gotra : Badwal / Panghlia
Contact : S. Jaswinder Singh,
Ph. : 8851886916 (Mother)

**BOYS**

1. Saini Sikh Boy D.O.B. : 06.01.1998
Height : 6'-0", Complexion : Fair
Education : +2
Profession : P.R. in Canada (Truck Driver)
Income : 4 Lakh p.m.
Gotra : Pabla / Mundra
Contact : S. Jagjit Singh, Vill. Bikko, Ropar
Ph. : 98767-91241

2. Carpenter Boy (Divorcee) 1 Baby - 8 years
D.O.B. : 12.08.1989
Height : 5'-6", Complexion : Fair
Education : M.Com., M.Sc. (IT)
Profession : Computer Teacher (Woman IT)
Salary : 15,000/- per month
Gotra : Ghathore / Manku
Choice : No Caste Bar
Contact : Sh. Girdhari Lal, VPO Laudi Majra, Ropar
Ph. : 94645-88200, 78889-65954

3. Saini Sikh Boy D.O.B. : 01.12.1992
Height : 5'-10" Complexion : Fair
Education : Post Graduation
Profession : Office Assistant IIT Ropar
Salary : 25000/- p.m.
Gotra : Badwal / Chandal
Contact : S. Mohan Singh, Vill. Singhpura, Ropar. Ph. : 9778014577

4 Saini Sikh Boy D.O.B. : 15.07.1984
Height : 5'-10" Complexion: Wheatish
Education : Diploma ITI
Profession : Agriculture
Gotra : Banwait / Bole
Contact : S. Rajinder Singh, # 5358/21A, SBS Nagar, Ropar
Ph. : 84276-60096

5. Saini Gursikh Boy (Amritdhari)
D.O.B. : 07.11.1993
Height : 6'-1" Complexion : Fair
Education : M.Tech.. (Mech.) PR Canada
Profession : Self Business
Gotra : Pangalia / Ugara
Contact : S. Kamaljit Singh, # 112, Street 1D, Shalimar Nagar, Hoshiarpur
Ph. : 94630-26160 (Canada) 99885-55686 (India)

6. Saini Sikh Boy D.O.B. : 13.07.1997
Height : 5'-6", Complexion : Fair
Education : B.Tech. (Mechanical)
Profession : Govt. Service
Salary : 20,000/- p.m.
Gotra : Badwal / Dulku
Choice : Govt. Job Girl
Contact : S. Jasbir Singh, VPO Chanauli, Teh. Anandpur Sahib, Ropar
Ph. : 94176-46824, 79739-42226

7. Saini Sikh Boy D.O.B. : 27.08.1989
Height : 5'-11" Complexion : Wheatish
Education : B.Tech. (Electronic+Comm. Engg.)
Profession : DEO in Markfed+Agriculture
Salary : 12 Lakh Annual
Gotra : Tamber / Dhanhota
Contact : S. Karnail Singh, Vill. Talapur, Ropar
Ph. : 94178-30797

8. Saini Sikh Boy D.O.B.: 18.12.1993
Height : Complexion : Wheatish
Education : M.Com
Profession : Private Factory Job
Salary : 30,000 p.m.
Gotra : Hadd / Togar
Contact : S. Surinder Singh, Vill. Nanakpura, Ropar
Ph. : 86992-12298, 94170-95605

9. Saini Sikh Boy D.O.B. : 22.11.1993
Height : 5'-9" Complexion : Fair
Education : B.Tech. (IT)
Profession : Job in IT Co. Delhi
Salary : 1 Lakh p.m.
Gotra : Tamber / Badwal
Contact : S. Jaspal Singh, # 196/A, Gautam Nagar, New Delhi
Ph. : 93500-26910, 97808-88048

10. Saini Sikh Boy D.O.B. : 17.11.1999
Height : 6'-0", Complexion : Fair
Education : +2, Mechanical Diploma
Profession : Own Business (Ludhiana)
Gotra : Takoriya / Dhamrait
Contact : S. Surjit Singh, # 419, Sec. 39, Urban Estate, Ludhiana
Ph. : 97805-32500, 99142-36570

11.Saini Sikh Boy D.O.B. : 02.12.1990
Height : 5'-6" Complexion : Fair
Education : 10th
Profession : Driver (Own Car)
Income : 2 Lakh Annual
Gotra : Dhamrait / Pabla
Contact : Sh. Dev Singh, Vill. Thali Khurd, Ropar
Ph. : 90414-12217, 88943-22217

12. Saini Sikh Boy D.O.B. : 07.09.1986
Height : 5'-10" Complexion : Fair
Education : M.A. (Music)
Profession : Musical Team Work
Income : 30,000 p.m.
Gotra : Phinglia / Girn
Contact : S. Surinderpal Singh, VPO Jhalia Khurd, Ropar. Ph.: 94789-65668

13 Saini Sikh Boy D.O.B. : 27.01.1993
Height : 6'-0" Complexion: Wheatish
Education : B.Tech ECE
Profession : Business in USA
Gotra : Ladali / Bole
Contact : S. Gurmeet Singh, # 158F, Gobind Valley, Ropar
Ph. : 98884-73883, 98889-77353

14. Saini Sikh Boy D.O.B.: 08.04.1999
Height : 5'-11" Complexion : Fair
Education : B.Tech. (Diploma),study in Australia
Profession : Job
Income : 3,00,00/-
Gotra : Thind / Ghahunia
Choice : Vaishnu Sikh Girl
Contact : S. Harinder Singh, # 4796/18, Haveli Kalan, Ropar. Ph. : 94178-62227

15. Saini Sikh Boy (Divorcee) one Child 5 Years
D.O.B. : 02.10.1989
Height : 5'-10" Complexion : Fair
Education : B.Tech. (Mechanical)
Profession : Business
Gotra : Gagiyane / Dourke
Choice : Contact only gursikh family
Contact : S. Bhag Singh, Ropar
Ph. : 94649-97606, 94648-21011

16. Saini Sikh Boy D.O.B. : 08.02.1999
Height : 5'-11" Complexion : Fair
Education : Civil Engg.
Profession : Melbourne (Australia)
Salary : 60,00000 Annual
Gotra : Dhamrait / Pantllia
Choice : Well Educated Girl
Contact : S. Kuldeep Singh, # 4354, St. No. 2, Gill Road, Ludhiana
Ph. : 9888532032, 9888564764

17 Saini Sikh Boy D.O.B. : 17.09.1990
Height : 5 '-8" Complexion: Fair
Education : B.A.
Profession : Own Business Agriculture
Income : 4,80,000/- Annual
Gotra : Chilne / Dourke
Contact : S. Gurdarshan Singh, Vill. Paprala, Ropar
Ph. : 94171-55058, 94174-32400

18. Saini Sikh Boy Age :30 Years
Height : 6'-1" Complexion : Wheatish
Education : B.D.S.
Profession : Dentish / Settled in Australia
Gotra : Daurka / manak
Choice : GursikhGirl
Contact : 61434555599 (Whatsapp)
E-mail : isingh4691@gmail.com

19. Saini Sikh Boy D.O.B. : 02:12:1996
Height : 5'-8" Complexion : Fair
Education : B.Tech.
Profession : Canada PR
Gotra : Jagait / Dhamrait
Contact : S. Harjinder Singh Ropar
Ph. : 94637-82516, 94175-54516

20. Saini Sikh Boy D.O.B.: 19:11:1996
Height : 5'-8" Complexion : Fair

Education : BAMS
Profession : Working MO Sohana Hosp. Mohali
Gotra : Longia / Tamber
Income : Good Salary
Choice : Teaching Line (Govt. Job), Height not less than 5'-4"
Contact : S. Jasmer Singh. Ph.: 82647-04954

21. Saini Sikh Boy D.O.B. : 06.08.1991
Height : 5'-8", Complexion : Fair
Education : Mechanical Diploma
Profession : PRTC Chd. as a Conductor
Income : 3,60,000/- Annual
Gotra : Masuta / Nanuan
Contact : S. Hazara Singh, Vill. Nanakpura, Near Govt. Poli. Tech. , Ropar
Ph. : 62802-02332

22. Saini Sikh Boy D.O.B.: 12.01.1995
Height : 6'-0" Complexion : Fair
Education : B.A., Dip. in Computer Science
Profession : Manager at petrol station
Salary : 15 lakh annualy
Gotra : Banwait / Chhillne
Choice : well educated, height not less than 5'6", no demand before and after marriage
Contact : S. Manjit Singh, VPO Bhoopnagar, Distt. S.A.S. Nagar
Ph. : 98158-12056

23. Saini Sikh Boy (Manglik Full)
D.O.B. : 03.10.1996
Height : 5'-7", Complexion : Fair
Education : M.Sc. Pharmaceutical chemistry
Profession : Suupharma Company
Salary : 15000/- p.m.
Gotra : Dhamrait / Mehadwan
Contact : Malkit Singh, Vill. Bhagowal, P.O. Kurali (Ropar)
Ph. : 79017-49685, 84278-49685

24. Saini Sikh Boy D.O.B. : 25.07.1992
Height : 5'-10" Complexion : Fair
Education : M.Sc.
Profession : Private Job (Sunpharma)
Salary : 32,000/- p.m.
Gotra : Panglia / Dhamrait
Contact : S. Balwinder Singh, Vill. Gunno Majra, Distt. Ropar
Ph. : 94636-30233, 94646-29065

25. Saini Sikh Boy D.O.B. : 11.10.1994
Height : 5'-8", Complexion : Fair
Education : B.Tech. from Vel Tech Uni. Chennai
Profession : IT Software Engineer (consultant)
Income : 20 Lakh per annum
Gotra : Nanua / Bole
Choice : Punjab, Haryana, Delhi
Contact : S. Kulwant Singh, Sec. 5, # 472, Kurukshetra.(Belongs to Bhakku Majra) Ph. : 95308-96713

26. Saini Sikh Boy D.O.B. : 22.05.1993
Height : 5'-11" Complexion : Fair
Education : +2, Diploma Automobile
Profession : Private Service
Income : 24000/- (monthly)
Gotra : Tonk / Dhmarait
Contact : S. Harminder Singh, Vill. Raipur, Teh. Chamkaur Sahib, Ropar
Ph. : 98722-55299, 98787-10470

27. Saini Sikh Boy(Australia PR)
D.O.B. : 16.11.1992
Height : 5'-8" Complexion : Fair
Education : +2, Certificate in Business Study, Dip. in Automotive Engineer
Profession : Part time (Automotive), Truck Driver (Interstate)
Salary : 2,50,000/- p.m.
Gotra : Girn / Gahunia
Choice : Well educated, Ambitious in her career
Contact : S. Karnail Singh, Vill. Pawat, Teh. Samrala, Ludhiana
Ph. : 7707989979, w. app. 8427136806

28 Saini Sikh Boy (Divorce Issueless)
D.O.B. : 02.04.1982
Height : 5'-9" Complexion: Fair
Education : Double MA (PBI+ Pol. Sc.), B.Ed, PGDC, M.Sc. IT
Profession : Private Teacher
Gotra : Pabla / Dhamrait
Choice : Teaching Line
Contact : S. Sucha Singh, Vill. Kotla Nihang, Ropar. Ph. 97817-50964

29. Saini Sikh Boy (Divorcee) after six months
D.O.B. : 26.09.1992
Height : 5'-7" Complexion : Normal
Education : Diploma in Electrical, Graduation
Profession : Property Sector
Salary : 30,000 p.m.
Gotra : Girn / Banwait
Sister PR Canada
Contact : S. Balwinder Singh, Vill. Talapur, Distt. Ropar. Ph. : 94631-32882

30. Saini Sikh Boy D.O.B. : 04:04:1997
Height : 5'-6" Complexion : Wheatish
Education : +2, ITT Electrician
Profession : (Govt. Job) SSA in Electricity Board Nalagarh
Salary : 40,000 / p.m.
Gotra : Girn / Dourkey

Contact : Kulwinder Singh, VPO Dabhota, Teh. Nalagarh. Distt. Solan (HP)
Ph. : 98161-59956, 94180-62757

31. Saini Sikh Boy D.O.B.: 19:01:1997
Height : 5'-7" Complexion : Fair
Education : B.A, B.Ed.
Profession : Pb. Transport Department
Income : Salary + Rental Income
Gotra : Masute / Banwait
Choice : Well Educated or working (Caste No Bar)
Contact : Kharar
Ph. : 99882-73807, 99885-03807

32 Saini Sikh Boy D.O.B. : 30.05.1994
Height : 6'-1" Complexion: Fair
Education : B.Tech, Masters Data Science
Profession : Sr. Consultant P.R. Canada
Income : 160000/- CAD per annum
Gotra : Manger / Gelan
Choice : Qualified girl, height 5'-5"
Contact : S. Manjeet Singh, #A-221, Farmer's Apartments, Plot-8, Sec. 13, Rohini, Delhi. Ph. : 98106-84123

33. Saini Sikh Boy D.O.B. : 15.02.1990
Height : 5'-8" Complexion : Fair
Education : Graduate
Profession : Govt. Job (Clerk)
Salary : 45,000/- p.m.
Gotra : Gahunia / Badwal
Choice : Educated Girl, Govt. Job.
Contact : Ropar. 81468-86243, 94653-65776

34. Saini Sikh Boy D.O.B.: 19.03.1994
Height : 5'-10" Complexion : Fair
Education : +2, ITI (Electrician)
Profession : Emmacule Pvt. Ltd. Emp. Deptt.
Income : 25,000/- p.m.
Gotra : Giddhe / Pabla
Contact : S. Makhan Singh, Vill. Gandhon Kalan (Ropar )
Ph. : 7347652588, 9592860077

35. Saini Sikh Boy D.O.B. : 11.06.1993
Height : 5'-11" Complexion : Fair
Education : B.Tech. in Electrical Engineering
Profession : Infosys Ltd. Chd.
Salary : 16,50,000 annually
Gotra : Girn / Gahunia
Choice : Well qualified
Contact : Pritpal Singh, Vill. Ghanauli, Ropar
Contact : 9903159904

36 Saini Sikh Boy D.O.B. : 05.09.1997
Height : 5'-9" Complexion: Fair
Education : B.Tech, ECE & MCA
Profession : Software Engineer in MNC Co.
Gotra : Pantalia / Masuta
Choice : Software Engineer Girl
Contact : Ravinder Singh, # 105, Sec. 14, West Chd. Ph. : 7888709278

37. Saini Sikh Boy D.O.B. : 07.09.1994
Height : 5'-8.5" Complexion : Fair
Education : Convent Educated, B.Tech (Mech.)
Profession : Pvt. Job at Banglore as design Eng.
Salary : one Lakh p.m.
Choice : Well Qualified slim girl
Contact : S. Baljit Singh, # 1590, Sec. 69, Mohali. Contact: 98156-51590

38 Saini Sikh Boy (Divorcee Issue less)
D.O.B. : 11.03.1991
Height : 5'-8.5" Complexion: Fair
Education : Conv. Edu. B.Tech (CSE)
Profession : Cyber secy. Engg. in Netherland/Holand
Salary : 6-7 Lakh per month
Gotra : Giddee / Taunk
Choice : Well qualified girl
Contact : S. Baljit Singh, # 1590, Sec. 69, Mohali. Contact: 98156-51590

39. Saini Sikh Boy D.O.B.: 29.12.1991
Height : 5'-8" Complexion : Fair
Education : B.Com, MBA (Trading)
Profession : Private Job (SRPUS Mohali)
Salary : 55000/- p.m.
Gotra : Dhamrait / Togar
Choice : Service Girl, Height required 5'5"
Contact : S. Harbinder Singh, # 29, Ranjit Avenue, Bela Road, Ropar
Ph. : 86992-00440, 90410-27329

40. Saini Sikh Boy D.O.B.: 20:05:1972
Height : 6' Complexion : Fairly Good
Education : MA, B.Ed.
Profession : Teacher
Income : 80, 000/- p.m.
Gotra : Nanuan / Dhamrait
Father : Any girl without child preferred, Caste no bar.
Contact : VPO Bhaku Majra, Ropar
Ph. : 62394-34267

41 Saini Sikh Boy D.O.B. : 25.01.1993
Height : 5'-11" Complexion: Fair
Education : B. Tech. (IT)
Profession : Senior software Engineer in IT MNC Gurgaon
Gotra : Gahunia / Panglia
Choice : Well Educated, Non employment
Contact : S. Harjit Singh. Ph. 88138-25732

42. Saini Sikh Boy D.O.B.: 22.07.1991
Height : 5'-10" Complexion : Fair
Education : BCA

Profession : Private Job
Gotra : Dulku / Bola
Contact : S. Malkiat Singh, Nurpur Bedi, Distt. Ropar
Ph. : 98154-32325, 83600-90500

43. Saini Sikh Boy D.O.B. : 02.08.1994
Height : 5'-11" Complexion : Fair
Education : PGDESD, B.Tech (ECE)
Profession : Private Senior Software Test Engineer at oracle India Pvt. Ltd.
Salary : 17 Lakh Annual
Gotra : Badwal / Dulku
Contact : S. Jasbir Singh, Vill. Railon Khurd, Ropar. P.:8699208887, 8699406895

44. Saini Sikh Boy D.O.B.: 16.07.1996
Height : 5'-11" Complexion : Fair
Education : B.E. Profession : Working in MNC
Income : 60,000/- p.m.
Gotra : Kabarwal / Chhere
Father : S. Ajeet Singh Saini, #2/16, Air Port Rd., Gwalior-5 (MP)
Ph. : 89628-26156, 98262-91561,

45. Saini Sikh Boy D.O.B. : 20.08.1993
Height : 5'-12" Complexion : Fair
Education : B.Tech (ECE)
Profession : Purchase Head
Income : 25,500/- p.m.
Gotra : Hadd / Pabla
Contact : S. Gurmail Singh, Vill. Sukhrampur, Tapprian, Ropar
Ph. : 95014-56739, 78373-34385

46. Saini Sikh Boy D.O.B. : 24.06.1997
Height : 5'-7", Complexion : Gora
Education : B.Sc. (P.U.)
Profession : Service as Accountant Foreign
Salary : 10 Lakh Annual
Gotra : Bola / Pabla
Choice : B.Com., MBA, M.Com
Contact : S. Mohinder Singh, # 356, Gilco Valley, Ropar
Ph. : 94177-16668, 99880-89003

47. Saini Sikh Boy D.O.B. : 07.03.1994
Height : 5'-6", Complexion : Fair
Education : B.A.
Profession : Job in Axis Bank Ropar
Salary : 20,000/- p.m.
Gotra : Masuta / Gahunia
Contact : S. Kashmir Singh (Jot Document Center) Lohgarh Fidday, Ropar
Ph. : 95305-11903, 94657-77033

48. Saini Sikh Boy D.O.B.: 14.12.1993
Height : 5'-6" Complexion : Fair
Education : B.Com, Dip. in Automobile
Profession : Tour n Travel Business
Income : 30,000/- p.m.
Gotra : Gahunia/Girn
Contact : # 412-D, Vikaspura, Guru Nanak Nagar, New Delhi
Ph. : 95305-11903, 94657-77033

49. Saini Sikh Boy D.O.B.: March 1996
Height : 6'-0" Complexion : Fair
Education : B.Tech. Civil
Profession : PR in Canada
Gotra : Masute / Chillna
Contact : S. Jasbir Singh Ph.: 94174-11191

50. Saini Sikh Boy (Amritdhari) D.O.B. : 1992
Height : 5'-5", Complexion : Fair
Education : B.Tech. (CSE)
Profession : Network Engineer
Salary : 18 Lakh Annum
Choice : Amritdhari Girl Cast No Bar
Contact : 97803-20311 (Kurali)

51. Saini Sikh Boy D.O.B.: 27.06.1992
Height : 5'-6" Complexion : Fair
Education : Diploma Electrical
Profession : Own Business
Income : 35,000/- p.m.
Gotra : Mehadwan / Bole
Contact : S. Santokh Singh, Vill. Gobindpura, Distt. Ropar. Ph. : 98721-87815

52. Saini Sikh Boy D.O.B.: July, 1992
Height : 6'-0" Complexion : Fair
Education : B.Tech. (Civil) Engg. doing AMIE in Electrial Engg.
Profession : Regular Job Pb. Govt.
Gotra : Tamber / Dhamrait
Contact : S. Surinder Singh, Vill. Saddo Majra, (Fatehgarh Sahib). Ph. : 9803062164

53. Saini Sikh Boy (Non Manglik)
D.O.B. : 12.09.1985
Height : 5'-7" Complexion : Fair
Education : Master of Professional accounting and business administration
Profession : Working in Australia (NRI)
Gotra : Longia / Dhamrait
Contact : S. Bhagat Singh, M 18/b1, Dilshad Garden, Delhi.
Ph. : 95990-29211, 92139-36021

54. Saini Sikh Boy D.O.B. : 08.11.1986
Height : 5'-5" Complexion : Fair
Education : B.A., Profession : Job
Income : 2,75,000 Annum
Gotra : Jandoria / Giran
Contact : Vill. Talapur, Distt. Ropar
Ph. : 92165-26121, 97798-79787

# Happy Wedding Anniversaries & Birthday



**48th Wedding Anniversary**
**September 24, 2024**
**Sh. Rajinder Saini & Smt. Santosh Saini**
**R/o Zail Singh Nagar, Ropar**



**42nd Wedding Anniversary**
**May 2, 2024**
**Dr. Harcharan Dass Sair & Mrs. Amar Usha**
**R/o Gobind Valley, Ropar**



**50th Wedding Anniversary**
**Sep. 21, 2024**
**S. Hardip Singh & Sdn. Manjit Kaur**
**R/o Hargobind Nagar, Ropar**



**Happy Birthday Gurbaani Kaur Saini**
D/o Mr. Gagandeep Saini
& Mrs. Vishavdeep Kaur Marwaha
Date of Birth : 06th August

# ਸੈਣੀ ਸੰਸਾਰ
# Saini Sansar

SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

**P U B L I S H E R S**

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001